



ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ

ਮੁੱਖ ਸੰਪਾਦਕ ਸਰਬਜੋਤ ਸਿੰਘ ਸੰਧਾ www.fatehtimesmedia.com Email- fatehtimes1699@gmail.com


ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।



ਮੁੱਖ ਸੰਪਾਦਕ
ਸਰਬਜੋਤ ਸਿੰਘ ਸੰਧਾ


ਰਜਿ ਨੰ : ਪੀ ਬੀ 22000167 ਫਤਿਹਾਬਾਦ , ਬੁੱਧਵਾਰ 13 ਅਗਸਤ 2025 , ਨਾਨਕਸ਼ਾਹੀ 29 ਸਾਉਣ , ਸੰਮਤ 557 ਸਾਲ: 4, ਅੰਕ 167, ਪੰਨੇ: 6, ਮੁੱਲ: 4 ਰੁਪਏ


## ਲੈਂਡ ਪੂਲਿੰਗ ਸਕੀਮ ਦੀ ਵਾਪਸੀ ਪੰਜਾਬ ਦੇ ਲੋਕਾਂ ਅਤੇ ਕਿਸਾਨਾਂ ਦੀ ਵੱਡੀ ਜਿੱਤ - ਖਹਿਰਾ



ਤਰਨ ਤਾਰਨ, 12 ਅਗਸਤ (ਐਸ ਐਸ ਸੰਧਾ) ਪੰਜਾਬ ਸਰਕਾਰ ਵੱਲੋਂ ਆਪਣੇ ਦਿੱਲੀ ਦੇ ਹਾਰੇ ਹੋਏ ਲੀਡਰਾਂ ਦੇ ਆਖੇ ਲੱਗ ਕੇ ਪੰਜਾਬ ਦੀ ਜ਼ਰਖੇਜ ਜ਼ਮੀਨ ਨੂੰ ਖੋਹ ਕੇ ਵੱਡੇ ਬਿਲਡਰਾਂ ਨੂੰ ਦੇਣ ਦੀ ਜੋ ਲੁੱਟ ਵਾਲੀ ਨਵੀਂ ਸਕੀਮ ਲੈਂਡ ਪੂਲਿੰਗ ਲਿਆਂਦੀ ਗਈ ਸੀ ਉਹ ਪੰਜਾਬ ਦੇ ਲੋਕਾਂ ਖਾਸਕਰ ਕਿਸਾਨਾਂ ਦੇ ਤਿੱਖੇ ਵਿਰੋਧ ਕਾਰਨ ਅਖੀਰ ਵਾਪਸ ਲੈਣੀ ਪਈ ਲ ਇਹ ਕਿਸਾਨਾਂ ਦੀ ਵੱਡੀ ਜਿੱਤ ਹੈ ਜਿਸ ਨੇ ਪੰਜਾਬ ਦੀ ਲੋਟੂ ਤੇ ਲਾਰੇਬਾਜ਼ ਸਰਕਾਰ ਨੂੰ ਥੁੱਕ ਕੇ ਚੱਟਣ ਲਈ ਮਜਬੂਰ ਕਰ ਦਿੱਤਾ ਲ ਇਹ ਸ਼ਬਦ ਭਾਜਪਾ ਦੇ ਜ਼ਿਲਾ ਮੀਤ ਪ੍ਰਧਾਨ ਅਤੇ ਮੁੱਖ ਬੁਲਾਰੇ ਅਮਰਪਾਲ ਸਿੰਘ ਖਹਿਰਾ ਨੇ ਚੋਣਵੇਂ ਪੱਤਰਕਾਰਾਂ ਨਾਲ ਸਾਂਝੇ ਕਰਦਿਆਂ ਆਖੇ ਲ ਸ. ਖਹਿਰਾ ਜੋ ਕਿ ਸਮਾਜ ਸੇਵਾ ਅਤੇ ਵਾਤਾਵਰਨ ਸਬੰਧੀ ਸੰਸਥਾ ਕੁਦਰਤ ਫਾਊਂਡੇਸ਼ਨ ਦੇ ਪ੍ਰਧਾਨ ਵੀ ਹਨ ਨੇ ਕਿਹਾ ਕਿ ਅੱਜ ਜਦੋਂ ਦੇਸ਼ ਦੀ ਅਬਾਦੀ ਦਿਨੋਂ ਦਿਨ ਵੱਧ ਰਹੀ ਹੈ ਤਾਂ ਅਨਾਜ ਦੀਆਂ ਲੋੜਾਂ ਨੂੰ ਪੂਰਿਆਂ ਕਰਨ ਲਈ ਖੇਤੀਬਾੜੀ ਵਾਲੀ ਜ਼ਮੀਨ ਨੂੰ ਸੁਰੱਖਿਅਤ ਕਰਨ ਦੀ ਵੱਡੀ ਲੋੜ ਹੈ ਅਤੇ ਖੇਤੀਬਾੜੀ ਵਾਲੀ ਜ਼ਮੀਨ ਉਪਰ ਹਰੇਕ ਕਿਸਮ ਦੀ ਉਸਾਰੀ ਜਾਂ ਕਲੋਨੀ ਬਣਾਉਣ ਦੀ ਸਖ਼ਤ ਮਨਾਹੀ ਹੋਣੀ ਚਾਹੀਦੀ ਹੈ ਲ ਵਧਦੀ ਅਬਾਦੀ ਲਈ ਘਰਾਂ ਦੀ ਲੋੜ ਪੂਰੀ ਕਰਨ ਲਈ ਬਹੁਮੰਜਿਲਾ ਇਮਾਰਤਾਂ ਅਤੇ ਫਲੈਟ ਸਿਸਟਮ ਨੂੰ ਬਣਾਉਣਾ ਚਾਹੀਦਾ ਹੈ, ਪਰ ਹਰੇਕ ਸਰਕਾਰ ਦੇ ਸੱਤਾਧਾਰੀ ਲੀਡਰਾਂ ਦੇ ਲਾਲਚ ਕਾਰਨ ਖੇਤੀਬਾੜੀ ਵਾਲੀ ਜ਼ਮੀਨ ਅਤੇ ਹਰਿਆਲੀ ਦਾ ਦਿਨੋਂ ਦਿਨ ਖ਼ਾਤਮਾ ਹੋ ਰਿਹਾ ਹੈ ਲ ਉਹਨਾਂ ਨੇ 2027 ਦੀਆਂ ਚੋਣਾਂ ਵਿੱਚ ਆਪ ਸਰਕਾਰ ਨੂੰ ਕਰਾਰੀ ਹਾਰ ਦੇਣ ਦੀ ਅਪੀਲ ਕੀਤੀ।

## ਪਾਰਟੀ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਵਾਂਗਾ - ਸਾਬਕਾ ਵਿਧਾਇਕ ਬ੍ਰਹਮਪੁਰਾ

**ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਉਪ-ਪ੍ਰਧਾਨ ਨਿਯੁਕਤ ਕਰਨ 'ਤੇ ਕੀਤਾ ਤਹਿ ਦਿਲੋਂ ਧੰਨਵਾਦ।**



ਤਰਨ ਤਾਰਨ 12 ਅਗਸਤ (ਐਸ ਐਸ ਸੰਧਾ) ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਹਲਕਾ ਇੰਚਾਰਜ 'ਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਪਾਰਟੀ ਪ੍ਰਧਾਨ, ਮਾਣਯੋਗ ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਨੂੰ ਮੁੜ ਪਾਰਟੀ ਦਾ ਉਪ-ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਤਹਿ ਦਿਲੋਂ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੇ ਜੋ ਵਿਸ਼ਵਾਸ ਉਨ੍ਹਾਂ 'ਤੇ ਪ੍ਰਗਟਾਇਆ ਹੈ, ਉਹ ਉਸ 'ਤੇ ਖਰਾ ਉਤਰਨ ਲਈ ਦਿਨ-ਰਾਤ ਇੱਕ ਕਰ ਦੇਣਗੇ।ਇਸ ਸ਼ੁਭ ਮੌਕੇ, ਸ੍ਰ. ਬ੍ਰਹਮਪੁਰਾ ਨੇ ਕਿਹਾ ਕਿ ਉਹ ਸ੍ਰ. ਬਾਦਲ ਦੀ ਦੂਰਅੰਦੇਸ਼ੀ ਅਤੇ ਮਿਹਨਤੀ ਅਗਵਾਈ ਦੇ ਕਾਇਲ ਹਨ, ਜਿੰਨ੍ਹਾਂ ਨੇ ਹਮੇਸ਼ਾ ਪਾਰਟੀ ਦੇ ਟਕਸਾਲੀ ਅਤੇ ਮਿਹਨਤੀ ਵਰਕਰਾਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਹੈ। ਉਨ੍ਹਾਂ ਕਿਹਾ, "ਮੈਂ ਪਾਰਟੀ ਪ੍ਰਧਾਨ ਸਾਹਿਬ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹਾਂ, ਜਿੰਨ੍ਹਾਂ ਨੇ ਮੈਨੂੰ ਇਸ ਵੱਡੀ ਜ਼ਿੰਮੇਵਾਰੀ ਦੇ ਯੋਗ ਸਮਝਿਆ। ਮੈਂ ਉਨ੍ਹਾਂ ਨੂੰ ਅਤੇ ਸਮੁੱਚੀ ਪਾਰਟੀ ਲੀਡਰਸ਼ਿਪ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਪਾਰਟੀ ਦੀ ਵਿਚਾਰਧਾਰਾ ਅਤੇ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਾਂਗਾ।ਸ੍ਰ. ਬ੍ਰਹਮਪੁਰਾ ਨੇ ਅੱਗੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਅਤੇ ਪੰਥ ਦੀ ਨੁਮਾਇੰਦਾ ਜਮਾਤ ਹੈ ਅਤੇ ਉਹ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਹੇਠਲੇ ਪੱਧਰ 'ਤੇ ਹੋਰ ਮਜ਼ਬੂਤ ਕਰਨ ਲਈ ਸਾਰੇ ਵਰਕਰਾਂ ਅਤੇ (ਬਾਕੀ ਸਫਾ 2 ਤੇ)

## ਇੱਕ ਰੁੱਖ ਸੌ ਸੁੱਖ

**ਸਰਬਜੋਤ ਸਿੰਘ ਸੰਧਾ**

ਇੱਕ ਰੁੱਖ ਸੌ ਸੁੱਖ ,ਰੁੱਖ ਇਨਸਾਨ ਦੇ ਸੱਚੇ ਸਾਥੀ ਇਹ ਸਾਰੀਆਂ ਸਤਰਾਂ ਬਚਪਨ ਤੌਂ ਬਜ਼ੁਰਗਾਂ ਤੋਂ ਸੁਣਦੇ ਆਏ ਹਾਂ ਪਰ ਅਜੋਕੇ ਦੌਰ ਵਿਚ ਲੋਕ ਸਿਰਫ ਪੈਸੇ ਅਤੇ ਪਦਾਰਥ ਦੀ ਦੌੜ ਚ ਇਹਨਾਂ ਇਨਸਾਨ ਦੇ ਸੱਚੇ ਸਾਥੀਆਂ ਦਾ ਚੇਤਾ ਭੁੱਲਾ ਗਏ ਸਨ । ਬਜ਼ੁਰਗ ਦੱਸਦੇ ਸਨ ਹਰ ਵਿਅਕਤੀ ਦੀਆਂ ਆਖਰੀ ਰਸਮਾਂ ਮੌਕੇ ਇੱਕ ਰੁੱਖ ਦੀ ਵਰਤੋਂ ਹੁੰਦੀ ਹੈ ਇਸ ਲਈ ਜੇਕਰ ਇਕ ਰੁੱਖ ਇਨਸਾਨ ਦੇ ਜਾਣ ਤੇ ਵਰਤਿਆ ਜਾਣਾ ਹੈ ਤਾ ਹਰ ਇਨਸਾਨ ਨੂੰ ਘੱਟੋ 10 ਰੁੱਖ ਤਾ ਜਰੂਰ ਲਗਾ ਕੇ ਪਾਲਣੇ ਚਾਹੀਦੇ ਹਨ। ਬਜ਼ੁਰਗਾਂ ਦੇ ਕਹਿਣ ਅਨੁਸਾਰ ਸਾਵਣ ਦਾ ਮਹੀਨਾਂ ਰੁੱਖ ਲਗਾਉਣ ਲਈ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ ਦੱਸਦੇ ਹਨ ਕਿ ਇਸ ਮਹੀਨੇ ਜੜ੍ਹਾਂ ਤੋਂ ਪੁੱਟਿਆ ਪੌਦਾ ਵੀ ਚੱਲ ਪੈਂਦਾ ਹੈ।।

## ਜਥੇਬੰਦੀਆਂ ਵਲੋਂ ਪਵਨ ਕੁਮਾਰ ਟੀਨੂੰ ਦਾ ਪਹੁੰਚਣ ਦੇ ਧੰਨਵਾਦ ਕੀਤਾ ਅਤੇ ਸਨਮਾਨਿਤ ਕੀਤਾ



ਭੋਗਪੁਰ, 12 ਅਗਸਤ (ਪੀ ਸੀ ਰਾਉਤ) ਨਿਹੰਗ ਸਿੰਘ ਜਥੇਬੰਦੀਆਂ ਅਤੇ ਟਾਈਗਰ ਫੋਰਸ ਪੰਜਾਬ.ਨੌਜਵਾਨ ਸਭਾਵਾਂ ਵਲੋਂ ਦਾਣਾ ਮੰਡੀ ਆਦਮਪੁਰ ਵਿਖੇ ਵੱਡਾ ਇੱਕਠ ਰੱਖਿਆ ਗਿਆ ਜਿਸ ਵਿਚ ਆਮ ਆਦਮੀ ਪਾਰਟੀ ਤੋਂ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਵਲੋਂ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਗਈ ਅਤੇ ਪਵਨ ਟੀਨੂੰ ਦੀ ਹਾਜ਼ਰੀ ਵਿੱਚ ਬਾਬਾ ਸਾਹਿਬ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਨਰਿੰਦਰ ਨਹਿਰੂ ਜੀ ਵਲੋਂ ਜਥੇਬੰਦੀ ਦਾ ਵਿਸਥਾਰ ਕਰਕੇ ਨੌਜਵਾਨਾਂ ਨੂੰ ਅਹੁਦੇ ਵੰਡੇ ਗਏ। ਜਥੇਬੰਦੀਆਂ ਵਲੋਂ ਪਵਨ ਕੁਮਾਰ ਟੀਨੂੰ ਦਾ ਪਹੁੰਚਣ ਦੇ ਧੰਨਵਾਦ ਕੀਤਾ ਅਤੇ ਸਨਮਾਨਿਤ ਕੀਤਾ। ਇਸ ਮੌਕੇ ਹਰਕੀਤ ਸਿੰਘ ਨਿੱਝਰ, ਅੰਬੇਡਕਰ ਟਾਈਗਰ ਫੋਰਸ ਪੰਜਾਬ ਪ੍ਰਧਾਨ ਕਰਨ ਚੁੰਬਰ, ਦੀਪ ਆਦਮਪੁਰ, ਰਾਜਾ ਡਰੋਲੀ, ਸੰਜੀਵ ਗਾਂਧੀ, ਚਰਨਜੀਤ ਸ਼ੇਰੀ, ਅਮਨਦੀਪ ਸਿੰਘ ਮਾਹੀ, ਸੋਨੂੰ ਵਡਾਲਾ, ਕਠਾਰ ਝਾਰਾ, ਬਹਿਲ ਸ਼ਾਮਚੁਰਾਸੀ, ਬਿੱਟੂ ਪਿਪਲਾਵਾਲੀਂ, ਰਿੰਕੀ ਸਰਪੰਚ, ਮੰਨਾ ਮਾਣਕੋ, ਮੰਗਾ ਸੱਗਰਾਂ ਮੁਹੱਲਾ, ਪਰਮਜੀਤ ਨਿੱਕਾ, ਪ੍ਰਭ ਚਾਂਦਪੁਰ, ਲੰਬੜ ਜੈਤੇਵਾਲੀ, ਨਿੱਕਾ ਸੱਗਰਾਂ ਮੁਹੱਲਾ ਤੇ ਪਨੂਟ ਮੌਕੇ ਤੇ ਹਾਜ਼ਰ ਰਹੇ।

## ਲੈਂਡ ਪੂਲਿੰਗ ਪਾਲਿਸੀ ਨੂੰ ਕਿਸਾਨਾਂ ਦੇ ਵੱਡੇ ਸੰਘਰਸ਼ ਅਤੇ ਵਿਰੋਧ ਨੂੰ ਵੇਖਦਿਆਂ ਵਾਪਸ ਲਈ , ਪੰਜਾਬ ਸਰਕਾਰ ਦੇਰ ਆਈ ਦਰੁਸਤ ਆਈ : ਸਤਨਾਮ ਸਿੰਘ ਬਹਿਰੂ

**ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੀ ਕਸਬਾ ਫਤਿਹਾਬਾਦ ਵਿਖੇ ਹੋਈ ਸੂਬਾ ਪੱਧਰੀ ਮੀਟਿੰਗ।**



ਫਤਿਹਾਬਾਦ, 12 ਅਗਸਤ (ਐਸ ਐਸ ਸੰਧਾ/ਸ਼ੀਤਲ ਬਾਵਾ) ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਜ਼ਿਲ੍ਹਾ ਤਰਨਤਾਰਨ ਦੇ ਪ੍ਰਧਾਨ ਸ੍ਰ ਕੁਲਵੰਤ ਸਿੰਘ ਭਲਾਈਪੁਰ ਦੀ ਪ੍ਰਧਾਨਗੀ ਹੇਠ ਕਿਸਾਨਾਂ ਦੇ ਭਖਦਿਆ ਮਸਲਿਆਂ ਉੱਤੇ ਹੰਗਾਮੀ ਮੀਟਿੰਗ ਹੋਈ ਜਿਸ ਵਿਚ ਪੰਜਾਬ ਦੇ ਪ੍ਰਧਾਨ ਸ੍ਰ ਹਰਿੰਦਰ ਸਿੰਘ ਨੰਡਿਆਲੀ ਅਤੇ ਬਜ਼ੁਰਗ ਕਿਸਾਨ ਆਗੂ ਸ੍ਰ ਸਤਨਾਮ ਸਿੰਘ ਬਹਿਰੂ ਵੀ ਵਿਸ਼ੇਸ਼ ਤੌਰ ਤੇ ਪੁੱਜੇ ਕਿਸਾਨ ਜਥੇਬੰਦੀ ਨਾਲ ਜੁੜੇ ਸਰਗਰਮ ਵਰਕਰ ਅਤੇ ਆਲੇ ਦੁਆਲੇ ਦੇ ਪਿੰਡਾਂ ਕਿਸਾਨਾਂ ਨੇ ਵੀ ਸ਼ਮੂਲੀਅਤ ਕੀਤੀ ਕਿਸਾਨਾਂ ਦੀ ਇਸ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰ ਬਹਿਰੂ ਨੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਲੈਂਡ ਪੂਲਿੰਗ ਪਾਲਿਸੀ ਨੂੰ ਕਿਸਾਨਾਂ ਦੇ ਵੱਡੇ ਸੰਘਰਸ਼ ਅਤੇ ਵਿਰੋਧ ਨੂੰ ਵੇਖਦਿਆਂ ਵਾਪਸ ਲਈ ਹੈ ਦੇਰ ਆਏ ਦਰੁਸਤ ਆਏ ਕਹਿੰਦਿਆਂ ਕਿਹਾ ਕਿ ਕਦੇ ਸਾਡਾ ਮੁੱਖ ਮੰਤਰੀ ਪੰਜਾਬੀਆਂ ਨੂੰ ਦਿੱਲੀ ਦੇ ਮਾਡਲ ਰਾਹੀਂ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣੀਆ ਚਾਹੁੰਦਾ ਸੀ ਪਰ ਪੰਜਾਬ ਦੇ ਅਣਖੀ ਲੋਕਾਂ ਨੇ ਆਪਣੀ ਏਕਤਾ ਦਾ ਸਬੂਤ ਦਿੰਦਿਆਂ ਪੰਜਾਬ ਸਰਕਾਰ ਦੇ ਸਾਰੇ ਇਰਾਦੇ ਚਕਨਾਚੂਰ ਕਰ ਦਿੱਤੇ ਹਨ ਇਸ ਤੋਂ ਇਲਾਵਾ ਸ੍ਰ ਬਹਿਰੂ ਨੇ ਇਹ ਵੀ ਦੱਸਿਆ ਕਿ ਦੇਸ਼ ਦੇ ਕਿਸਾਨਾਂ ਦੀਆਂ ਖੇਤੀ ਨਾਲ ਸਬੰਧਤ ਹੱਕੀ ਮੰਗਾਂ ਉੱਤੇ ਆਵਾਜ਼ ਬੁਲੰਦ ਕਰਨ ਲਈ ਐੱਸ ਕੇ ਐੱਮ ਗੈਰ ਰਾਜਨੀਤਕ ਦੇ ਬੈਨਰ ਥੱਲੇ 25 ਅਗਸਤ ਨੂੰ ਜੰਤਰ ਮੰਤਰ ਦਿੱਲੀ ਵਿਖੇ ਭਾਰਤ (ਬਾਕੀ ਸਫਾ 2 ਤੇ)


ਮੋ: 87259-13761

**ਸੰਧੂ ਡੇਅਰੀ**



ਪ੍ਰੋਪ : ਰਜਿੰਦਰ ਸਿੰਘ ਸੰਧੂ

**ਗੋਲ ਮਸੀਤ ਚੌਂਕ ਫਤਿਹਾਬਾਦ**

ਨੋਟ: ਇਥੋ ਸ਼ੁੱਧ ਅਤੇ ਤਾਜਾ ਦੁੱਧ, ਦਹੀ,ਪਨੀਰ,ਮੱਖਣ,ਘਿਓ ਆਦਿ ਤਿਆਰ ਮਿਲਦਾ ਹੈ। ਵਿਆਹ ਸ਼ਾਦੀਆਂ ਅਤੇ ਹੋਰ ਪ੍ਰੋਗਰਾਮਾਂ ਲਈ ਆਰਡਰ ਬੁੱਕ ਕੀਤੇ ਜਾਂਦੇ ਹਨ।


## ਬਾਊਪੁਰ ਮੰਡ ਵਿਖੇ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵੱਲੋਂ ਬੰਨ ਬੰਨਣ ਦੀ ਕਾਰ ਸੇਵਾ ਆਰੰਭ



ਚੋਹਲਾ ਸਾਹਿਬ 12 ਅਗਸਤ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ ) ਸੋਮਵਾਰ 11 ਅਗਸਤ ਸਵੇਰੇ 6 ਵਜੇ ਜਿਲ੍ਹਾ ਕਪੂਰਥਲਾ ਤਹਿਸੀਲ ਸਲਤਾਨਪੁਰ ਲੋਧੀ ਅਧੀਨ ਪੈਂਦੇ ਪਿੰਡ ਬਾਊਪੁਰ ਮੰਡ ਨੇੜਿਉਂ ਬਿਆਸ ਦਰਿਆ ਦਾ ਆਰਜੀ ਬੰਨ੍ਹ ਟੁੱਟ ਗਿਆ ਹੈ ਤੇ ਲਗਭਗ 130 ਫੁੱਟ ਦਾ ਪਾੜ ਪੈ ਚੁੱਕਾ ਹੈ, ਜਿਸ ਨਾਲ ਪਿੰਡ ਬਾਊਪੁਰ ਮੰਡ, ਬਾਊਪੁਰ ਜਦੀਦ, ਮੁਹੰਮਦਾਬਾਦ, ਰਾਮਪੁਰ ਗੌਰਾ, ਭੈਣੀ ਕਾਦਰ ਬਖ਼ਸ਼, ਭੈਣੀ ਬਹਾਦਰ ਆਦਿਕ ਪਿੰਡਾਂ ਵਿਚ ਪਾਣੀ ਭਰਨ ਲੱਗਾ ਹੈ ਅਤੇ ਇਹਨਾਂ ਪਿੰਡਾਂ ਦੀ ਫਸਲਾਂ ਡੁੱਬ ਰਹੀਆਂ ਹਨ। ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਇਨੀਂ ਦਿਨੀਂ ਕਨੇਡਾ ਵਿਚ ਹਨ। ਖ਼ਬਰ ਮਿਲਦੇ ਸਾਰ ਹੀ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਵੱਖ ਵੱਖ ਜਥੇਦਾਰਾਂ ਨੂੰ ਜਿੰਮੇਵਾਰੀਆਂ ਸੌਂਪੀਆਂ ਅਤੇ ਸੇਵਾ ਆਰੰਭ ਕਰਨ ਲਈ ਹੁਕਮ ਦੇ ਦਿੱਤੇ। ਸੋਮਵਾਰ ਤੋਂ ਹੀ ਸੰਪਰਦਾਇ ਦੇ ਜਥੇਦਾਰ ਸੰਗਤਾਂ ਸਮੇਤ ਪਹੁੰਚ ਗਏ ਅਤੇ ਸੇਵਾ ਆਰੰਭ ਕਰ ਦਿੱਤੀ ਗਈ ਹੈ। ਇਸ ਦੇ ਨਾਲ ਹੀ ਇਕ ਹੋਰ ਥਾਂ ਪਿੰਡ ਸ਼ੇਰਪੁਰ ਡੋਗਰਾਂ ਅਤੇ ਆਹਲੀ ਕਲਾਂ ਦੇ ਕੋਲ ਬਿਆਸ ਦਰਿਆ ਦੇ ਬੰਨ੍ਹ ਨੂੰ ਢਾਹ ਲੱਗ ਰਹੀ ਹੈ, ਜਿਸ ਦੇ ਬਚਾਉ ਲਈ ਵੀ ਸੰਪਰਦਾਇ ਵੱਲੋਂ ਬੰਨ੍ਹ ਨੂੰ ਮਜ਼ਬੂਤ ਕਰਨ ਦੀ ਸੇਵਾ ਚੱਲ ਰਹੀ ਹੈ। ਦੋਹਾਂ ਥਾਵਾਂ ਤੇ ਗੁ. ਮਾਤਾ ਸੁਲੱਖਣੀ ਜੀ ਸੁਲਤਾਨਪੁਰ ਲੋਧੀ ਤੋਂ ਲੰਗਰ ਤਿਆਰ ਕਰਵਾ ਕੇ ਬੰਨ੍ਹ ਤੇ ਪਹੁੰਚਾਇਆ ਜਾ ਰਿਹਾ ਹੈ, ਜਿਸ ਦੀ ਜਿੰਮੇਵਾਰੀ ਸੰਪਰਦਾਇ ਦੇ ਜਥੇਦਾਰ ਭਾਈ ਹੀਰਾ ਸਿੰਘ ਨਿਭਾ ਰਹੇ ਹਨ। ਸੰਤ ਬਾਬਾ ਸੁੱਖਾ ਜੀ ਨੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਵੱਖ ਵੱਖ ਪਿੰਡਾਂ ਤੋਂ ਸੰਗਤਾਂ ਵੱਧ ਤੋਂ ਵੱਧ ਬੰਨ੍ਹ ਤੇ ਪਹੁੰਚਣ ਦੀ ਕਿਰਪਾਲਤਾ ਕਰਨ ਤਾਂ ਜੋ 24 ਘੰਟੇ ਸੇਵਾ ਜਾਰੀ ਰੱਖੀ ਜਾਵੇ ਅਤੇ ਹੜ੍ਹਾਂ ਨਾਲ ਹੋਣ ਵਾਲੇ ਨੁਕਸਾਨ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ। ਇਸ ਮੌਕੇ (ਬਾਕੀ ਸਫਾ 2 ਤੇ)

ਸਫਾ 1 ਦੀ ਬਾਕੀ

## ਪਾਰਟੀ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ...

ਫਤਿਹ ਟਾਈਮਜ਼ ਆਗੂਆਂ ਨੂੰ ਨਾਲ ਲੈ ਕੇ ਚੱਲਣਗੇ। ਉਨ੍ਹਾਂ ਕਿਹਾ ਕਿ ਸਾਡਾ ਮੁੱਖ ਟੀਚਾ ਪੰਜਾਬ ਦੇ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨਾ ਅਤੇ ਮੌਜੂਦਾ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਦਾ ਡਟ ਕੇ ਵਿਰੋਧ ਕਰਨਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਸੌਂਪੀ ਇਸ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ, ਇਮਾਨਦਾਰੀ ਅਤੇ ਲਗਨ ਨਾਲ ਨਿਭਾਉਣਗੇ।

ਸਫਾ 1 ਦੀ ਬਾਕੀ

## ਲੈਂਡ ਪੂਲਿੰਗ ਪਾਲਿਸੀ ਨੂੰ ਕਿਸਾਨਾਂ ਦੇ ਵੱਡੇ ਸੰਘਰਸ਼ ਅਤੇ ਵਿਰੋਧ ਨੂੰ ਵੇਖਦਿਆਂ ਵਾਪਸ...

ਫਤਿਹ ਟਾਈਮਜ਼ ਦੇ ਕਿਸਾਨਾਂ ਦੀ ਇੱਕ ਕੋਮੀ ਪੱਧਰ ਦੀ ਕਿਸਾਨ ਪੰਚਾਇਤ ਇੱਕ ਦਿਨ ਲਈ ਰੱਖੀ ਗਈ ਹੈ ਉਸ ਵਿੱਚ ਵੀ ਸ਼ਾਮਿਲ ਹੋਣ ਲਈ ਕਿਸਾਨਾਂ ਨੂੰ ਅਪੀਲ ਕੀਤੀ ਅੱਜ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਸਾਨ ਜਥੇਬੰਦੀ ਦੇ ਪੰਜਾਬ ਦੇ ਪ੍ਰਧਾਨ ਖੇਤੀ ਨਾਲ ਸਬੰਧਤ ਕਿਸਾਨਾਂ ਦੀਆਂ ਮੰਗਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਨਕਲੀ ਖਾਦਾਂ ਕੀੜੇਮਾਰ ਦਵਾਈਆਂ ਵੇਚਣ ਵਾਲੀਆਂ ਕੰਪਨੀਆਂ ਅਤੇ ਸਰਕਾਰੀ ਅਫਸਰਾਂ ਨੂੰ ਕਿਸਾਨਾਂ ਨਾਲ ਧ੍ਰੋਹ ਕਮਾਉਣ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਮੀਟਿੰਗ ਵਿੱਚ ਜੁੜੀ ਸੰਗਤ ਨੂੰ ਸ੍ਰ ਨੰਡਿਆਲੀ ਨੇ ਅਪੀਲ ਕੀਤੀ ਕਿ ਸਿੱਖ ਕੌਮ ਦੇ ਯੋਧੇ ਪਿਛਲੇ ਲੰਮੇ ਸਮੇਂ ਤੋਂ ਗੈਰ ਸੰਵਿਧਾਨਕ ਕੇਂਦਰ ਸਰਕਾਰ ਨੇ ਜੇਲਾਂ ਵਿੱਚ ਡੱਕੇ ਹੋਏ ਹਨ ਉਨ੍ਹਾਂ ਦੀ ਰਿਹਾਈ ਲਈ ਪਿਛਲੇ ਢਾਈ ਸਾਲਾਂ ਤੋਂ ਚੰਡੀਗੜ੍ਹ ਦੀਆਂ ਬਰੂਹਾਂ ਤੇ ਕੋਮੀ ਇਨਸਾਫ਼ ਮੋਰਚੇ ਦੀ ਅਗਵਾਈ ਵਿੱਚ ਚੱਲ ਰਿਹਾ ਹੈ ਕੇਂਦਰ ਸਰਕਾਰ ਦੀ ਸੁੱਤੀ ਜ਼ਮੀਰ ਨੂੰ ਜਗਾਉਣ ਲਈ 15 ਅਗਸਤ ਨੂੰ ਕੋਮੀ ਇਨਸਾਫ਼ ਮੋਰਚੇ ਦੇ ਸੱਦੇ ਤੇ ਇੱਕ ਵੱਡੀ ਪੰਥਕ ਰੈਲੀ ਹੋ ਰਹੀ ਹੈ ਉਸ ਵਿੱਚ ਵੀ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇ ਇਸ ਤੋਂ ਇਲਾਵਾ ਇਲਾਕੇ ਦੇ ਕਿਸਾਨਾਂ ਵੱਲੋਂ ਮੀਟਿੰਗ ਵਿੱਚ ਸ਼ਿਕਾਇਤ ਕੀਤੀ ਜਦੋਂ ਟਿਊਬਵੈਲਾਂ ਦੀ ਮੋਟਰਾਂ ਦੇ ਟਰਾਂਸਫਰ ਸੜ ਜਾਂਦੇ ਹਨ ਜਿਨ੍ਹਾਂ ਚਿਰ ਸਬੰਧਤ ਅਧਿਕਾਰੀਆਂ ਦੀ ਮੁੱਠੀ ਗਰਮ ਨਹੀਂ ਹੁੰਦੀ ਤਾਂ ਕਈ ਕਈ ਦਿਨਾਂ ਤੱਕ ਬਦਲੇ ਨਹੀਂ ਜਾਂਦੇ ਜਿਸ ਤੇ ਪੰਜਾਬ ਦੇ ਪ੍ਰਧਾਨ ਨੇ ਵਿਸ਼ਵਾਸ ਦਿਵਾਇਆ ਕਿ ਤੁਹਾਡੀ ਸ਼ਿਕਾਇਤ ਬਿਜਲੀ ਬੋਰਡ ਦੇ ਹੈਡ ਆਫਿਸ ਪਾਟਿਆਲਾ ਪਹੁੰਚਾ ਦਿੱਤੀ ਜਾਵੇਗੀ ਅੱਜ ਦੀ ਹੋਈ ਹੰਗਾਮੀ ਮੀਟਿੰਗ ਦਾ ਪ੍ਰਬੰਧ ਜੱਥੇਬੰਦੀ ਦੇ ਪੰਜਾਬ ਦੇ ਮੀਤ ਪ੍ਰਧਾਨ ਸ੍ਰ ਕੁਲਦੀਪ ਸਿੰਘ ਕੰਬੋਜ ਅਤੇ ਤਰਨਤਾਰਨ ਜ਼ਿਲ੍ਹੇ ਦੇ ਪ੍ਰੈਸ ਸੈਕਟਰੀ ਨੌਜਵਾਨ ਚਰਨਜੀਤ ਸਿੰਘ ਦਿਉਲ ਨੇ ਕੀਤਾ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਅਮਰ ਸਿੰਘ ਜੰਡਿਆਲਾ,ਵਿੱਤ ਸਕੱਤਰ ਪੰਜਾਬ ਬਲਿਹਾਰ ਸਿੰਘ ਰੁੜਕੀ ,ਜਰਨਲ ਸਕੱਤਰ ਮਨਜੀਤ ਸਿੰਘ ਇਸ ਤੋਂ ਇਲਾਵਾ ਜਗਜੀਤ ਸਿੰਘ,ਜਗਮਿੰਦਰ ਸਿੰਘ ਸਰਪੰਚ,ਚਰਨਜੀਤ ਸਿੰਘ,ਗਿਆਨ ਸਿੰਘ,ਪਰਮਜੀਤ ਸਿੰਘ ਦਿਉਲ,ਜੋਗਾ ਸਿੰਘ,ਰਤਨ ਸਿੰਘ ਦਿਉਲ ਪ੍ਰਧਾਨ ਗੁਰਦੁਆਰਾ ਸਾਹਿਬ ਜਗਤਾਰ ਸਿੰਘ,ਬਲਦੇਵ ਸਿੰਘ,ਜੀਤ ਸਿੰਘ,ਜਸਵਿੰਦਰ ਸਿੰਘ,ਦਰਸ਼ਨ ਸਿੰਘ,ਸਟੇਜ ਸੈਕਟਰੀ ਦੀ ਡਿਊਟੀ ਲਖਵਿੰਦਰ ਸਿੰਘ ਕਾਨੂੰਗੋ ਨੇ ਨਿਭਾਈ।

ਸਫਾ 1 ਦੀ ਬਾਕੀ

## ਬਾਊਪੁਰ ਮੰਡ ਵਿਖੇ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵੱਲੋਂ ਬੰਨ ਬੰਨਣ ਦੀ......

ਫਤਿਹ ਟਾਈਮਜ਼ ਸੇਵਾ ਲਈ ਹਾਜ਼ਰ ਰਹਿਣ ਵਾਲੇ ਜਥੇਦਾਰ ਤਰਸੇਮ ਸਿੰਘ, ਜਥੇਦਾਰ ਹੀਰਾ ਸਿੰਘ, ਜਥੇਦਾਰ ਬਾਬਰ ਸਿੰਘ, ਜਥੇਦਾਰ ਬੀਰਾ ਸਿੰਘ, ਭਾਈ ਥੱਲਬੀਰ ਸਿੰਘ, ਭਾਈ ਮਿਲਖਾ ਸਿੰਘ, ਭਾਈ ਹਰੀ ਸਿੰਘ ਅਤੇ ਹੋਰ ਬੇਅੰਤ ਸੰਗਤਾਂ ਨੇ ਬੁਲੰਦ ਹੌਂਸਲੇ ਤੇ ਚੜ੍ਹਦੀ ਕਲਾ ਨਾਲ ਸੇਵਾ ਕਰ ਰਹੇ ਹਨ।ਸੰਪਰਦਾਇ ਵੱਲੋਂ ਇਲਾਕੇ ਦੀਆਂ ਪੰਚਾਇਤਾਂ ਅਤੇ ਸੰਗਤਾਂ ਨੂੰ ਸੇਵਾ ਲਈ ਹਾਜ਼ਰ ਹੋਣ ਦੀ ਪ੍ਰੇਰਨਾ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਸਾਲ 2023 ਵਿਚ ਵੀ ਇਸ ਇਲਾਕੇ ਵਿਚ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵੱਲੋਂ ਬੰਨ੍ਹ ਬੰਨ੍ਹਣ ਦੀ ਸੇਵਾ ਕਰਵਾਈ ਗਈ ਸੀ।

## ਵਿਧਾਇਕ ਲਾਭ ਸਿੰਘ ਉਗੋਕੇ ਦੀ ਪੁਸਤਕ 'ਤੂੰ ਇਕ ਦੀਵਾ ਬਣ' ਆਸਟ੍ਰੇਲੀਆ 'ਚ ਰਿਲੀਜ਼

ਫਤਿਹ ਟਾਈਮਜ਼



ਤਪਾ ਮੰਡੀ, 12 ਅਗਸਤ (ਧੀਮਾਨ) ਵਿਧਾਨ ਸਭਾ ਹਲਕਾ ਭਦੌੜ ਤੋਂ ਵਿਧਾਇਕ ਲਾਭ ਸਿੰਘ ਉੱਗੋਕੇ ਦੀ ਪੁਸਤਕ "ਤੂੰ ਇਕ ਦੀਵਾ ਬਣ" ਅੱਜ ਆਸਟ੍ਰੇਲੀਆ ਦੇ ਟਾਰਨੇਟ 'ਚ ਸਥਿਤ ਪੰਜਾਬ ਕਿਤਾਬ ਘਰ ਵਿਖੇ ਸੀ-ਸੈਵਨ ਆਸਟ੍ਰੇਲੀਆ ਦੇ ਸਹਿਯੋਗ ਨਾਲ ਕਰਵਾਏ ਗਏ ਪ੍ਰੀਤਮ ਪ੍ਰਕਾਸ਼ਨ ਮਹਿਲ ਕਲਾਂ ਦੇ ਬਾਨੀ ਪ੍ਰੀਤਮ ਸਿੰਘ ਦਰਦੀ ਨੂੰ ਸਮਰਪਿਤ ਪ੍ਰੋਗਰਾਮ ਦੌਰਾਨ ਲੋਕ ਅਰਪਣ ਕੀਤੀ ਗਈ।ਇਸ ਮੌਕੇ ਬੋਲਦਿਆਂ ਪੰਜਾਬੀ ਸਹਿਤਕਾਰ ਮਾ: ਬਲਵਿੰਦਰ ਸਿੰਘ ਚਹਿਲ ਨੇ ਕਿਹਾ ਕਿ ਰਾਜਨੀਤੀ ਦੇ ਨਾਲ ਨਾਲ ਸਹਿਤਕ ਖੇਤਰ 'ਚ 'ਤੂੰ ਇਕ ਦੀਵਾ ਬਣ' ਪੁਸਤਕ ਨਾਲ ਵਿਧਾਇਕ ਲਾਭ ਸਿੰਘ ਉਗੋਕੇ ਨੇ ਚੰਗੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਕਿ ਆਸ ਹੈ ਕਿ ਪੰਜਾਬ ਦੇ ਹਿੱਤਾਂ ਲਈ ਵਿਧਾਨ ਸਭਾ 'ਚ ਆਵਾਜ਼ ਬੁਲੰਦ ਕਰਨ ਦੇ ਨਾਲ-ਨਾਲ ਉਸਾਰੂ ਰਚਨਾਵਾਂ ਪੰਜਾਬੀ ਸਹਿਤ ਦੀ ਝੋਲੀ ਪਾਉਣਗੇ। ਪ੍ਰੀਤਮ ਪ੍ਰਕਾਸ਼ਨ ਦੇ ਸੰਚਾਲਕ ਗੁਰਪ੍ਰੀਤ ਸਿੰਘ ਅਣਖੀ ਨੇ ਪੁਸਤਕ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਇਸ ਕਾਵਿ-ਸੰਗ੍ਰਹਿ ਵਿਚ ਵਿਧਾਇਕ ਲਾਭ ਸਿੰਘ ਉਗੋਕੇ ਨੇ ਆਪਣੇ ਜੀਵਨ ਦੇ ਸੰਘਰਸ਼ ਮਈ ਸਫਰ, ਇੱਕ ਮਜ਼ਦੂਰ ਪਰਿਵਾਰ ਵਿਚੋਂ ਉੱਠ ਕੇ ਵਿਧਾਇਕ ਬਣਨ ਤੱਕ ਦੇ ਉਤਰਾਅ-ਚੜ੍ਹਾਅ, ਪੰਜਾਬ ਦੇ ਪਾਣੀਆਂ ਦੀ ਸਮੱਸਿਆ ਅਤੇ ਹੋਰ ਸਮਾਜਿਕ ਮੁੱਦਿਆਂ ਨੂੰ ਉਨ੍ਹਾਂ ਨੇ ਆਪਣੇ ਫ਼ਿਕਰ ਅਤੇ ਸੰਵੇਦਨਸ਼ੀਲਤਾ ਨਾਲ ਬਿਆਨ ਕੀਤਾ ਹੈ। ਇਸ ਮੌਕੇ ਸੀ.ਸੈਵਨ ਆਸਟ੍ਰੇਲੀਆ ਤੋਂ ਤਰਨਦੀਪ ਸਿੰਘ ਬਿਲਾਸਪੁਰ, ਅਵਤਾਰ ਸਿੰਘ ਟਹਿਣਾ, ਲੇਖਕ ਪ੍ਰੀਤ ਕੰਵਲ, ਜਗਦੀਪ ਸਿੰਘ ਅਣਖੀ, ਧਰਵਿੰਦਰ ਸਿੰਘ ਸੰਧੂ, ਮਨਪ੍ਰੀਤ ਕੌਰ, ਰਮਨਦੀਪ ਕੌਰ ਨੇ ਵੀ ਵਿਚਾਰ ਰੱਖੇ।ਵਿਧਾਇਕ ਸ. ਲਾਭ ਸਿੰਘ ਉਗੋਕੇ ਨੇ ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਦੇਸ਼ਾਂ-ਵਿਦੇਸ਼ਾਂ ਤੋਂ ਉਨ੍ਹਾਂ ਦੀ ਲਿਖਤ ਨੂੰ ਮਿਲ ਰਹੇ ਮਾਣ-ਸਤਿਕਾਰ ਨੇ ਉਨ੍ਹਾਂ ਦੀ ਜ਼ਿੰਮੇਵਾਰੀ ਨੂੰ ਹੋਰ ਵਧਾ ਦਿੱਤਾ ਹੈ। ਜਲਦ ਹੀ ਉਹ ਆਪਣੀ ਨਵੀਂ ਵਾਰਤਕ ਪੁਸਤਕ ਪੰਜਾਬੀ ਪਾਠਕਾਂ ਦੀ ਝੋਲੀ ਪਾਉਣਗੇ।

# ਗਿਆਨੀ ਹਰਪ੍ਰੀਤ ਸਿੰਘ ਨੂੰ ਨਵੇਂ ਅਕਾਲੀ ਦਲ ਦਾ ਪ੍ਰਧਾਨ ਬਣਾਉਣ ਦਾ ਫ਼ੈਸਲਾ ਸ਼ਲਾਘਾਯੋਗ ਕਦਮ ਹੈ : ਭੁੱਚਰ

ਫਤਿਹ ਟਾਈਮਜ਼



ਤਰਨ ਤਾਰਨ, 12 ਅਗਸਤ (ਐਸ ਐਸ ਸੰਧਾ) ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਨਿਯੁਕਤ ਪੰਜ ਮੈਂਬਰੀ ਕਮੇਟੀ (ਪਹਿਲਾਂ ਸੱਤ ਮੈਂਬਰੀ) ਵੱਲੋਂ ਅੰਮ੍ਰਿਤਸਰ ਵਿਖੇ ਸੱਦੇ ਡੈਲੀਗੇਟ ਇਜਲਾਸ ਵਿੱਚ ਨਵੇਂ ਅਕਾਲੀ ਦਲ ਦਾ ਸਰਬਸੰਮਤੀ ਨਾਲ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਬਣਾਉਣ ਦਾ ਫ਼ੈਸਲਾ ਸ਼ਲਾਘਾਯੋਗ ਕਦਮ ਹੈ। ਗਿਆਨੀ ਹਰਪ੍ਰੀਤ ਸਿੰਘ ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹਿ ਚੁੱਕੇ ਹਨ ਅਤੇ ਉੱਘੀ ਧਾਰਮਿਕ ਸਖਸ਼ੀਅਤ ਹਨ। ਅਜਿਹੀ ਧਾਰਮਿਕ ਸਖਸ਼ੀਅਤ ਦਾ ਹੁਣ ਰਾਜਨੀਤਕ ਸਫ਼ਰ ਸ਼ੁਰੂ ਹੋ ਰਿਹਾ ਹੈ।ਇਸ ਇਜਲਾਸ ਵਿੱਚ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਦੀ ਸਪੁੱਤਰੀ ਨੂੰ ਪੰਥਕ ਕੌਂਸਲ ਦੀ ਚੇਅਰਪਰਸਨ ਬਣਾ ਕੇ ਵਧੀਆ ਫ਼ੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦਾ ਗਠਨ 14 ਦਸੰਬਰ 1920 ਨੂੰ ਉਸ ਸਮੇਂ ਦੇ ਪਹਿਲੇ ਜਥੇਦਾਰ ਤੇਜਾ ਸਿੰਘ ਭੁੱਚਰ ਦੀ ਜਥੇਦਾਰੀ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਇਆ ਸੀ। ਇਸ ਸ੍ਰੋਮਣੀ ਅਕਾਲੀ ਦਲ ਦਾ ਦਫ਼ਤਰ ਵੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਬਣਾਇਆ ਗਿਆ ਜਿਸ ਨੂੰ 14 ਦਸੰਬਰ 2007 ਵਿਚ ਬਾਦਲਾਂ ਨੇ ਚੰਡੀਗੜ੍ਹ ਤਬਦੀਲ ਕਰ ਦਿੱਤਾ। ਹੁਣ ਨਵੇਂ ਅਕਾਲੀ ਦਲ ਦਾ ਦਫ਼ਤਰ ਅੰਮ੍ਰਿਤਸਰ ਵਿਖੇ ਹੀ ਬਣਾਇਆ ਜਾਣਾ ਚਾਹੀਦਾ ਹੈ।ਇਹ ਵਿਚਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਅਤੇ ਉੱਘੇ ਆਜ਼ਾਦੀ ਘੁਲਾਟੀਏ ਜਥੇਦਾਰ ਤੇਜਾ ਸਿੰਘ ਭੁੱਚਰ ਦੇ ਪੋਤਰੇ ਸੁਰਜੀਤ ਸਿੰਘ ਭੁੱਚਰ ਨੇ ਸਾਂਝੇ ਕਰਦਿਆਂ ਕਿਹਾ ਕਿ ਹੁਣ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਪੰਥਕ ਸਰਕਾਰ ਬਣਨ ਦੀ ਆਸ ਹੋ ਗਈ ਹੈ। ਪੰਥਕ ਕੌਂਸਲ ਦੀ ਚੇਅਰਪਰਸਨ ਬੀਬੀ ਸਤਵੰਤ ਕੌਰ ਬਹੁਤ ਸੁਲਝੇ ਹੋਏ ਧਾਰਮਿਕ ਸਖਸ਼ੀਅਤ ਹਨ ਜਿਨ੍ਹਾਂ ਦੀ ਯੋਗ ਅਗਵਾਈ ਹੇਠ ਸਿੱਖ ਕੌਮ ਨੂੰ ਦਰਪੇਸ਼ ਧਾਰਮਿਕ ਮਾਮਲਿਆਂ ਦੇ ਹੱਲ ਲੱਭਣ ਵਿੱਚ ਮਦਦ ਮਿਲੇਗੀ ਅਤੇ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਟਕਸਾਲੀ ਅਤੇ ਧਾਰਮਿਕ ਮੈਂਬਰ ਚੁਣੇ ਜਾਣਗੇ ਅਤੇ ਸ਼੍ਰੋਮਣੀ ਕਮੇਟੀ ਵਿੱਚ ਸੁਧਾਰ ਲਿਆਉਣ ਵਿੱਚ ਮਦਦ ਮਿਲੇਗੀ।

# ਸਾਵਣ ਦੇ ਮਹੀਨੇ ਵਿੱਚ ਮਹਿਲਾ ਸਟਾਫ਼ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਮਨਾਇਆ ਤੀਜ ਦਾ ਤਿਉਹਾਰ

ਫਤਿਹ ਟਾਈਮਜ਼

**ਪੁਰਾਣੀਆਂ ਪਰੰਪਰਾਵਾਂ ਨੂੰ ਮੁੜ ਸੁਰਜੀਤ ਕੀਤਾ - ਐਮ.ਡੀ. ਸ਼੍ਰੀਮਤੀ ਤ੍ਰਿਪਤਾ ਪੁੰਜ, ਵਾਈਸ ਪ੍ਰੈਜ਼ੀਡੈਂਟ ਰੀਆ ਪੁੰਜ**




ਪਠਾਨਕੋਟ, 12 ਅਗਸਤ (ਪਵਨ ਸ਼ਰਮਾਂ) ਸ਼੍ਰੀ ਸਾਈਂ ਗਰੁੱਪ ਆਫ਼ ਇੰਸਟੀਚਿਊਟਸ ਬਧਾਨੀ ਕਾਲਜ ਪਠਾਨਕੋਟ ਵਿੱਚ ਤੀਜ ਤਿਉਹਾਰ ਬਹੁਤ ਧੂਮਧਾਮ ਨਾਲ ਮਨਾਇਆ ਗਿਆ।ਸ਼੍ਰੀ ਸਾਈਂ ਗਰੁੱਪ ਆਫ਼ ਇੰਸਟੀਚਿਊਟਸ ਦੀ ਐਮਡੀ ਸ਼੍ਰੀਮਤੀ ਤ੍ਰਿਪਤਾ ਪੁੰਜ ਇਸ ਵਿੱਚ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਸਟਾਫ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਐਮਡੀ ਸ਼੍ਰੀਮਤੀ ਤ੍ਰਿਪਤਾ ਪੁੰਜ ਨੇ ਕਿਹਾ ਕਿ ਭਾਰਤੀ ਸੱਭਿਆਚਾਰ ਪਰੰਪਰਾ ਅਨੁਸਾਰ, ਤੀਜ ਤਿਉਹਾਰ ਪੂਰੇ ਦੇਸ਼ ਵਿੱਚ ਮਨਾਇਆ ਜਾਂਦਾ ਹੈ। ਤੀਜ ਤਿਉਹਾਰ ਨੂੰ ਹਰਿਤਾਲਿਕਾ ਤੀਜ ਜਾਂ ਕਾਜਲੀ ਤੀਜ ਵੀ ਕਿਹਾ ਜਾਂਦਾ ਹੈ। ਤੀਜ ਤਿਉਹਾਰ ਹਰ ਸਾਲ ਸਾਵਣ ਮਹੀਨੇ ਦੇ ਸ਼ੁਕਲ ਪੱਖ ਵਿੱਚ ਆਉਂਦਾ ਹੈ। ਤੀਜ ਤਿਉਹਾਰ ਵਾਲੇ ਦਿਨ, ਅਣਵਿਆਹੀਆਂ ਕੁੜੀਆਂ ਢੁਕਵਾਂ ਲਾੜਾ ਪ੍ਰਾਪਤ ਕਰਨ ਲਈ ਤੀਜ ਵਰਤ ਰੱਖਦੀਆਂ ਹਨ, ਅਤੇ ਵਿਆਹੀਆਂ ਔਰਤਾਂ ਆਪਣੇ ਪਤੀਆਂ ਦੀ ਲੰਬੀ ਉਮਰ ਅਤੇ ਆਪਣੇ ਜੀਵਨ ਦੀਆਂ ਸਾਰੀਆਂ ਮੁਸੀਬਤਾਂ ਨੂੰ ਦੂਰ ਕਰਨ ਲਈ ਤੀਜ ਵਰਤ ਰੱਖਦੀਆਂ ਹਨ। ਇਸ ਭਾਰਤੀ ਪਰੰਪਰਾ ਨੂੰ ਬਹੁਤ ਧੂਮਧਾਮ ਨਾਲ ਰਸਮਾਂ-ਰਿਵਾਜਾਂ ਨਾਲ ਮਨਾਇਆ ਜਾਂਦਾ ਹੈ। ਭਾਰਤ ਵਿੱਚ ਤੀਜ ਤਿਉਹਾਰ ਨੂੰ ਸਭ ਤੋਂ ਵੱਧ ਮਹੱਤਵ ਦਿੱਤਾ ਜਾਂਦਾ ਹੈ। ਤੀਜ ਤਿਉਹਾਰ ਹਰ ਸਾਲ ਅਗਸਤ ਦੇ ਮਹੀਨੇ ਆਉਂਦਾ ਹੈ। ਸਾਵਣ ਦੇ ਮਹੀਨੇ ਵਿੱਚ, ਔਰਤਾਂ ਨੇ ਬਹੁਤ ਉਤਸ਼ਾਹ ਨਾਲ ਤੀਜ ਮਨਾਇਆ ਅਤੇ ਪੁਰਾਣੀਆਂ ਪਰੰਪਰਾਵਾਂ ਨੂੰ ਇੱਕ ਵਾਰ ਫਿਰ ਜ਼ਿੰਦਾ ਕੀਤਾ। ਰਵਾਇਤੀ ਪਹਿਰਾਵੇ ਵਿੱਚ ਸਜੀਆਂ ਔਰਤਾਂ ਨੇ ਗੀਤਾਂ, ਸੰਗੀਤ, ਝੂਲਿਆਂ, ਭੰਗੜੇ ਅਤੇ ਸਾਂਝੇ ਸੰਵਾਦ ਰਾਹੀਂ ਆਪਣੇ ਬਚਪਨ ਅਤੇ ਸੱਭਿਆਚਾਰਕ ਵਿਰਾਸਤ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ। ਔਰਤਾਂ ਇਕੱਠੇ ਝੂਲਦੀਆਂ ਸਨ, ਰਵਾਇਤੀ ਲੋਕ ਗੀਤ ਗਾਉਂਦੀਆਂ ਸਨ ਅਤੇ ਆਪਣੇ ਦੋਸਤਾਂ ਨਾਲ ਭੰਗੜਾ ਨੱਚਦੀਆਂ ਸਨ। ਇਹ ਨਾ ਸਿਰਫ਼ ਮਨੋਰੰਜਨ ਦਾ ਸਾਧਨ ਸੀ, ਸਗੋਂ ਇੱਕ ਦੂਜੇ ਦੀਆਂ ਖੁਸ਼ੀਆਂ-ਦੁੱਖਾਂ ਸਾਂਝੀਆਂ ਕਰਨ ਦਾ ਵੀ ਮਾਧਿਅਮ ਸੀ। ਜ਼ਿੰਦਗੀ ਦੇ ਕਾਰਨ, ਅਜਿਹੀਆਂ ਸੱਭਿਆਚਾਰਕ ਗਤੀਵਿਧੀਆਂ ਹੌਲੀ-ਹੌਲੀ ਘੱਟ ਰਹੀਆਂ ਸਨ, ਪਰ ਹੁਣ ਨਵੀਂ ਪੀੜ੍ਹੀ ਨੇ ਇਨ੍ਹਾਂ ਨੂੰ ਦੁਬਾਰਾ ਅਪਣਾਉਣਾ ਸ਼ੁਰੂ ਕਰ ਦਿੱਤਾ ਹੈ। ਅਜਿਹੇ ਤਿਉਹਾਰ ਨਾ ਸਿਰਫ਼ ਔਰਤਾਂ ਨੂੰ ਮਾਨਸਿਕ ਖੁਸ਼ੀ ਦਿੰਦੇ ਹਨ ਸਗੋਂ ਸਮਾਜਿਕ ਬੰਧਨ ਨੂੰ ਵੀ ਮਜ਼ਬੂਤ ਕਰਦੇ ਹਨ।

ਪ੍ਰੋਗਰਾਮ ਵਿੱਚ ਔਰਤਾਂ ਨੇ ਤੀਜ ਦੇ ਰਵਾਇਤੀ ਗੀਤਾਂ 'ਤੇ ਨੱਚਿਆ ਅਤੇ ਹੱਥਾਂ 'ਤੇ ਮਹਿੰਦੀ ਲਗਾਈ। ਇਸ ਮੌਕੇ 'ਤੇ ਰਵਾਇਤੀ ਪਕਵਾਨ ਵੀ ਪਰੋਸੇ ਗਏ। ਤੀਜ ਤਿਉਹਾਰ ਦਾ ਇਹ ਸਮਾਗਮ ਨਾ ਸਿਰਫ਼ ਮਨੋਰੰਜਨ ਦਾ ਮਾਧਿਅਮ ਬਣਿਆ, ਸਗੋਂ ਸਮਾਜ ਨੂੰ ਸੱਭਿਆਚਾਰਕ ਤੌਰ 'ਤੇ ਜੋੜਨ ਦੀ ਕੋਸ਼ਿਸ਼ ਵੀ ਬਣ ਗਿਆ। ਤੀਜ ਤਿਉਹਾਰ ਵਿੱਚ, ਕੁੜੀਆਂ ਅਤੇ ਔਰਤਾਂ ਵਰਤ ਰੱਖਦੀਆਂ ਹਨ ਅਤੇ ਸੋਲ੍ਹਾਂ ਮੇਕਅਪ ਕਰਦੀਆਂ ਹਨ। ਵਿਆਹੀਆਂ ਔਰਤਾਂ ਆਪਣੇ ਪਤੀ ਦੇ ਨਾਮ 'ਤੇ ਆਪਣੇ ਮੱਥੇ 'ਤੇ ਸਿੰਦੂਰ ਲਗਾਉਂਦੀਆਂ ਹਨ, ਹੱਥਾਂ ਵਿੱਚ ਚੂੜੀਆਂ ਪਾਉਂਦੀਆਂ ਹਨ ਅਤੇ ਮਹਿੰਦੀ ਲਗਾਉਂਦੀਆਂ ਹਨ। ਅਣਵਿਆਹੀਆਂ ਕੁੜੀਆਂ ਹੱਥ ਜੋੜ ਕੇ ਭਗਵਾਨ ਅੱਗੇ ਅਰਦਾਸ ਕਰਦੀਆਂ ਹਨ ਕਿ ਉਨ੍ਹਾਂ ਨੂੰ ਵੀ ਇੱਕ ਚੰਗਾ ਅਤੇ ਯੋਗ ਲਾੜਾ ਮਿਲੇ ਅਤੇ ਆਪਣੇ ਦਿਲ ਦੀਆਂ ਸਾਰੀਆਂ ਗੱਲਾਂ ਹੱਥ ਜੋੜ ਕੇ ਭਗਵਾਨ ਨੂੰ ਦੱਸ ਦੇਣ। ਇਹ ਤਿਉਹਾਰ ਭਾਰਤ ਵਿੱਚ ਸੈਂਕੜੇ ਸਾਲਾਂ ਤੋਂ ਰਸਮਾਂ-ਰਿਵਾਜਾਂ ਨਾਲ ਮਨਾਇਆ ਜਾਂਦਾ ਹੈ। ਤੀਜ ਤਿਉਹਾਰ ਹਿੰਦੂ ਧਰਮ ਦਾ ਮੁੱਖ ਤਿਉਹਾਰ ਹੈ, ਜਿਸ ਵਿੱਚ ਸਾਰੀਆਂ ਵਿਆਹੀਆਂ ਔਰਤਾਂ ਆਪਣੇ ਪਰਿਵਾਰ ਦੀ ਭਲਾਈ ਅਤੇ ਸ਼ੁਭਕਾਮਨਾਵਾਂ ਲਈ ਪ੍ਰਾਰਥਨਾ ਕਰਦੀਆਂ ਹਨ। ਭਾਰਤ ਤੋਂ ਇਲਾਵਾ, ਨੇਪਾਲ, ਹਰਿਆਣਾ, ਰਾਜਸਥਾਨ, ਪੰਜਾਬ ਆਦਿ ਦੇਸ਼ਾਂ ਵਿੱਚ ਤੀਜ ਤਿਉਹਾਰ ਬਹੁਤ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਸਾਵਣ ਦਾ ਮਹੀਨਾ ਔਰਤਾਂ ਲਈ ਸਭ ਤੋਂ ਖਾਸ ਮਹੀਨਾ ਹੈ। ਇਸ ਮਹੀਨੇ ਔਰਤਾਂ ਪੂਜਾ ਕਰਦੀਆਂ ਹਨ ਅਤੇ ਉਨ੍ਹਾਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ। ਸਾਵਣ ਦੇ ਮਹੀਨੇ ਵਿੱਚ ਕਈ ਤਿਉਹਾਰ ਆਉਂਦੇ ਹਨ। ਇਸ ਮਹੀਨੇ ਹਰਿਆਲੀ ਤੀਜ ਦਾ ਤਿਉਹਾਰ ਵੀ ਆਉਂਦਾ ਹੈ, ਜਿਸਨੂੰ ਔਰਤਾਂ ਬਹੁਤ ਧੂਮਧਾਮ ਨਾਲ ਮਨਾਉਂਦੀਆਂ ਹਨ। ਸਾਵਣ ਦੇ ਮਹੀਨੇ ਵਿੱਚ ਚਾਰੇ ਪਾਸੇ ਹਰਿਆਲੀ ਦਿਖਾਈ ਦਿੰਦੀ ਹੈ, ਇਸੇ ਕਰਕੇ ਤੀਜ ਦੇ ਤਿਉਹਾਰ ਨੂੰ ਹਰਿਤਾਲਿਕਾ ਤੀਜ ਵੀ ਕਿਹਾ ਜਾਂਦਾ ਹੈ। ਔਰਤਾਂ ਹਰਿਤਾਲਿਕਾ ਤੀਜ ਦਾ ਤਿਉਹਾਰ ਬਹੁਤ ਉਤਸ਼ਾਹ ਨਾਲ ਮਨਾਉਂਦੀਆਂ ਹਨ। ਔਰਤਾਂ ਦੇ ਜੀਵਨ ਵਿੱਚ ਹਰਿਤਾਲਿਕਾ ਤੀਜ ਬਹੁਤ ਮਹੱਤਵਪੂਰਨ ਹੈ, ਇਸ ਦਿਨ ਔਰਤਾਂ ਅਤੇ ਅਣਵਿਆਹੀਆਂ ਕੁੜੀਆਂ ਦੁਆਰਾ ਕੀਤੀ ਜਾਂਦੀ ਪੂਜਾ ਨਾਲ ਉਨ੍ਹਾਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ। ਮੁੱਖ ਤੌਰ 'ਤੇ, ਅਣਵਿਆਹੀਆਂ ਕੁੜੀਆਂ ਇੱਕ ਚੰਗਾ ਅਤੇ ਲੋੜੀਂਦਾ ਲਾੜਾ ਪ੍ਰਾਪਤ ਕਰਨ ਲਈ ਤੀਜ ਦੇ ਤਿਉਹਾਰ 'ਤੇ ਵਰਤ ਰੱਖਦੀਆਂ ਹਨ। ਅਤੇ ਜੋਤਸ਼ੀ ਕਹਿੰਦੇ ਹਨ ਕਿ ਜਿਹੜੀਆਂ ਕੁੜੀਆਂ ਵਿਆਹ ਨਹੀਂ ਕਰਵਾ ਸਕਦੀਆਂ, ਉਨ੍ਹਾਂ ਨੂੰ ਤੀਜ ਦੇ ਦਿਨ ਵਰਤ ਰੱਖਣਾ ਚਾਹੀਦਾ ਹੈ ਅਤੇ ਸੱਚੇ ਮਨ ਨਾਲ ਪਰਮਾਤਮਾ ਦੀ ਪੂਜਾ ਕਰਨੀ ਚਾਹੀਦੀ ਹੈ। ਕਿਉਂਕਿ ਤੀਜ ਵਾਲੇ ਦਿਨ ਪੂਜਾ ਕਰਨ ਦਾ ਇੱਕ ਵੱਖਰਾ ਵਿਸ਼ੇਸ਼ ਮਹੱਤਵ ਹੈ। ਇਸ ਤੀਜ ਤਿਉਹਾਰ ਵਿੱਚ ਸ਼੍ਰੀਮਤੀ ਪ੍ਰੀਤ ਕੌਰ, ਸ਼੍ਰੀਮਤੀ ਸੁਦੇਸ਼ ਸ਼ਰਮਾ, ਸ਼੍ਰੀਮਤੀ ਵੀਨਾ ਗੁਪਤਾ, ਸ਼੍ਰੀਮਤੀ ਸਰਤਾ ਅਭੀ, ਸ਼੍ਰੀਮਤੀ ਸ਼ਾਲੂ, ਸ਼੍ਰੀਮਤੀ ਆਸ਼ੂ ਅਤੇ ਦਰਿੰਦਰ ਕੌਰ ਮੌਜੂਦ ਸਨ।

ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼ CHANNEL

ਮਿਆਰੀ ਖ਼ਬਰਾਂ ਦੇਖਣ ਲਈ fatehtimes channel ਨੂੰ ਜ਼ਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਮੋ; 99885-37575

# ਆਵਾਰਾ ਕੁੱਤਿਆਂ ਤੇ ਰੋਕ , ਸੁਪਰੀਮ ਕੋਰਟ ਦਾ ਧੰਨਵਾਦ : ਡਾ ਦਲੇਰ ਸਿੰਘ ਮੁਲਤਾਨੀ



ਅੰਮ੍ਰਿਤਸਰ, 12 ਅਗਸਤ (ਪ ਪ) ਸੁਪਰੀਮ ਕੋਰਟ ਵਲੋਂ 11.08.2025 ਨੂੰ ਆਵਾਰਾ ਕੁਤਿਆਂ ਨੂੰ ਆਵਾਰਾ ਘੁੰਮਣ ਤੇ ਲੱਗਾਈ ਰੋਕ ਦੇ ਹੁਕਮਾਂ ਦਾ ਸਵਾਗਤ ਕਰਦੇ ਹੋਏ ਧੰਨਵਾਦ ਕੀਤਾ ਜਾਂਦਾ ਹੈ । ਅਵਾਰਾ ਕੁੱਤਿਆਂ ਦਾ ਅਤੰਕ ਬਹੁਤ ਜਿਆਦਾ ਵੱਧ ਚੁੱਕਿਆ ਹੈ ਤੇ ਆਮ ਜਨਤਾ ਨੂੰ ਸਰੀਰਕ ਅਤੇ ਮਾਨਸਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ । ਜਿਹਨਾਂ ਲੋਕਾਂ ਨੇ ਪਾਲਤੂ ਕੁੱਤੇ ਰੱਖੇ ਹਨ , ਉਹਨਾਂ ਤੇ ਕੋਈ ਰੋਕ ਨਹੀਂ ਪਰ ਮੀਡੀਆ ਵਿੱਚ ਦੇਖਿਆ ਜਾ ਰਿਹਾ ਕਿ ਸੁਪਰੀਮ ਕੋਰਟ ਨੇ ਰੋਕ ਆਵਾਰਾ ਕੁੱਤਿਆਂ ਤੇ ਲਗਾਈ ਪਰ ਕਈ ਲੋਕ ਫ਼ਾਇਦੇ ਪਾਲਤੂ ਕੁੱਤਿਆਂ ਦੇ ਸੁਣਾ ਰਹੇ । ਪਾਲਤੂ ਕੁੱਤਿਆਂ ਵਾਲੇ ਵੀ ਯਾਦ ਰੱਖਣ ਕਿ ਕੁੱਤਿਆਂ ਨੂੰ ਖੁੱਲੇ ਵਿੱਚ ਟੱਟੀ ਪਿਸ਼ਾਬ ਕਰਵਾਉਣਾ ਵੀ ਉੱਨਾਂ ਹੀ ਨੁਕਸਾਨਦੇਹ ਜਿੰਨਾਂ ਆਦਮੀਆਂ ਦਾ ਖੁੱਲੇ ਵਿੱਚ ਸੌਚ ( ਪੈਖਾਨਾ) ਯਾਦ ਰੱਖੋ ਕੁੱਤਿਆਂ ਦੇ ਕੱਟਣ ਨਾਲ ਸਰੀਰਕ ਅਤੇ ਮਾਨਸਿਕ ਨੁਕਸਾਨ ਤੋਂ ਇਲਾਵਾ ਲਾਇਲਾਜ ਬਿਮਾਰੀ ਰੇਬੀਜ ਹੋਣ ਦਾ ਵੱਡਾ ਖ਼ਤਰਾ ਰਹਿੰਦਾ ਨਾਲੇ ਕਈ ਤਰ੍ਹਾਂ ਦੇ ਸੜਕਾਂ ਤੇ ਐਕਸੀਡੈਂਟ ਹੋ ਰਹੇ ਮੇਰੇ ਵੱਲੋਂ ਇਹ ਮੁੱਦਾ 2007 ਵਿੱਚ ਸਰਕਾਰ ਅਤੇ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸ਼ਾਇਦ ਪਹਿਲੀ ਵਾਰ ਉਠਾਇਆ ਗਿਆ ਸੀ ।ਪਰ ਸਾਰਿਆਂ ਨੇ ਸੁਪਰੀਮ ਵਲੋਂ ਚਰੁਇਲਟੇ ਟੋ ਓਨਿਮਓਲਸ ਓਚਟ ਦਾ ਹਵਾਲਾ ਦੇ ਕੇ ਕੋਈ ਪੱਕਾ ਹੱਲ ਨਹੀਂ ਕੱਢਿਆ। ਵਧੀ ਹੋਈ ਆਵਾਰਾ ਕੁੱਤਿਆਂ ਦੀ ਸੰਖਿਆ ਲਈ ਸਟਰਲਾਈਜੇਸ਼ਨ ਕੋਈ ਹੱਲ ਨਹੀਂ ਤੇ ਨਾ ਹੀ ਸਰਕਾਰਾਂ ਕਰਨ ਨੂੰ ਤਿਆਰ ਪਰ ਮੈਨੂੰ ਅੱਜ ਖੁਸ਼ੀ ਹੈ ਕਿ ਬਹੁਤ ਸਾਰੇ ਸਮਾਜ ਸੇਵੀਆਂ ਵੱਲੋਂ ਸੁਪਰੀਮ ਕੋਰਟ ਵਿੱਚ ਪਾਈਆਂ ਲੋਕ ਹਿਤਾਂ ਰਿਟਾਂ ਤੇ ਧਿਆਨ ਦਿੰਦਿਆਂ ਆਵਾਰਾ ਕੁੱਤਿਆਂ ਨੂੰ ਡਾਗ ਸੈਲਟਰਾਂ ਵਿੱਚ ਬੰਦ ਕਰਨ ਦੇ ਸੁਪਰੀਮ ਕੋਰਟ ਵਲੋਂ ਹੁਕਮ ਦਿੱਤੇ ਹਨ ਤੇ ਬਹੁਤੇ ਤਰਕ ਉਹੀ ਹਨ ਜੋ ਮੇਰੇ ਵੱਲੋਂ 2007 ਵਿੱਚ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਵਿੱਚ ਪੇਸ਼ ਕੀਤੇ ਗਏ ਸਨ ਅਤੇ ਉਸ ਤੋਂ ਬਾਅਦ ਵੀ ਮੇਰੇ ਅਤੇ ਹੋਰਾਂ ਵਲੋਂ ਸਰਕਾਰ ਨੂੰ ਆਵਾਰਾ ਕੁੱਤਿਆਂ ਦੇ ਕੱਟਣ ਦੀ ਸਮੱਸਿਆ ਦੇ ਹੱਲ ਬਾਰੇ ਬਾਰ ਬਾਰ ਬੇਨਤੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ ।

# ਪਿੰਡ ਭੋਖੜਾ ਵਿੱਚ ਤੀਆਂ-ਤੀਜ ਦਾ ਰੰਗਲਾ ਸੱਭਿਆਚਾਰਿਕ ਮੇਲਾ, ਔਰਤਾਂ ਦੇ ਚਾਵਾਂ ਤੇ ਪਰਿਵਾਰਾਂ ਦੇ ਸਹਿਯੋਗ ਨਾਲ ਬਣਿਆ ਯਾਦਗਾਰ ਸਮਾਗਮ



ਗੋਨਿਆਣਾ ਮੰਡੀ, 12 ਅਗਸਤ (ਗੋਲਡੀ ਮੱਕੜ) ਪੰਜਾਬੀ ਸਭਿਆਚਾਰ ਦੀ ਸੁਗੰਧ ਨਾਲ ਮਹਿਕਦਾ ਪਿੰਡ ਭੋਖੜਾ ਇਸ ਵਾਰ ਤੀਆਂ-ਤੀਜ ਦੇ ਰੰਗਾਂ ਨਾਲ ਰੌਣਕਮਈ ਹੋਇਆ। ਪਿੰਡ ਦੀਆਂ ਔਰਤਾਂ ਪਿਛਲੇ ਪੰਦਰਾਂ ਦਿਨਾਂ ਤੋਂ ਭਾਈਚਾਰਕ ਪਿਆਰ ਅਤੇ ਇਕੱਠ ਦੇ ਨਾਲ ਤੀਆਂ ਮਨਾਉਂਦੀਆਂ ਆ ਰਹੀਆਂ ਸਨ। ਇਹ ਲੜੀ ਉਸ ਵੇਲੇ ਅੰਤਮ ਪੜਾਅ 'ਤੇ ਪਹੁੰਚੀ ਜਦੋਂ ਪਿੰਡ ਦੇ ਸਰਕਾਰੀ ਸਕੂਲ ਵਿੱਚ ਸਾਉਣ ਦੇ ਮਹੀਨੇ ਦੀਆਂ ਤੀਆਂ ਨੂੰ ਬੱਲੋ ਪਾ ਕੇ ਵਿਸ਼ਾਲ ਸੱਭਿਆਚਾਰਕ ਮੇਲਾ ਆਯੋਜਿਤ ਕੀਤਾ ਗਿਆ। ਰੰਗ-ਰੰਗੀਲਾ ਸੱਭਿਆਚਾਰਕ ਪ੍ਰੋਗਰਾਮ ਮੇਲੇ ਦੌਰਾਨ ਔਰਤਾਂ ਨੇ ਪੰਜਾਬੀ ਧਰੋਹਰ ਦੇ ਰੰਗ ਵਿਖੇਰਦੇ ਹੋਏ ਲੋਕਗੀਤਾਂ, ਗਿੱਧੇ ਅਤੇ ਬੋਲੀਆਂ ਨੇ ਮਨ ਮੋਹ ਲਿਆ ਸੀ ਤੀਆਂ ਵਿੱਚ ਸਾਉਣ ਦੇ ਗੀਤਾਂ ਦੀ ਗੂੰਜ, ਰੰਗੀਨ ਚੁੰਨੀਆਂ ਅਤੇ ਹਰੇ-ਭਰੇ ਝੂਲੇ ਇਸ ਗੱਲ ਦਾ ਪ੍ਰਤੀਕ ਸਨ ਕਿ ਪੰਜਾਬੀ ਸਭਿਆਚਾਰ ਅੱਜ ਵੀ ਪਿੰਡ ਦੀ ਰੂਹ ਵਿੱਚ ਵੱਸਦਾ ਹੈ। ਪਿੰਡ ਵਾਸੀਆਂ ਦਾ ਪੂਰਾ ਸਹਿਯੋਗ ਪਿੰਡ ਦੇ ਹਰ ਵਰਗ ਦੇ ਲੋਕਾਂ ਨੇ ਮੇਲੇ ਵਿੱਚ ਸ਼ਮੂਲੀਅਤ ਕੀਤੀ ਅਤੇ ਔਰਤਾਂ ਦੀ ਹੌਸਲਾ-ਅਫ਼ਜ਼ਾਈ ਕੀਤੀ। ਪਿੰਡ ਦੇ ਸੂਝਵਾਨ ਤੇ ਸਮਾਜ ਸੇਵੀ ਲੋਕਾਂ ਨੇ ਨਾ ਸਿਰਫ਼ ਆਪਣੇ ਵਿਚਾਰਾਂ ਨਾਲ ਸਹਿਯੋਗ ਦਿੱਤਾ, ਸਗੋਂ ਆਪਣੇ ਯੋਗਦਾਨ ਨਾਲ ਮੇਲੇ ਦੀ ਰੌਣਕ ਵਧਾਈ। ਪਿੰਡ ਦੀਆਂ ਸੁਆਣੀਆਂ ਨੇ ਆਪਣੇ ਪਰਿਵਾਰਿਕ ਮੈਂਬਰਾਂ ਦਾ ਦਿਲੋਂ ਸ਼ੁਕਰੀਆ ਅਦਾ ਕੀਤਾ ਕਿ ਉਨ੍ਹਾਂ ਨੇ ਔਰਤਾਂ ਦੇ ਮਨਾਂ ਦੇ ਚਾਵਾਂ ਨੂੰ ਸਮਝਦੇ ਹੋਏ, ਉਨ੍ਹਾਂ ਨੂੰ ਸੱਭਿਆਚਾਰਕ ਹੁਲਾਰਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਇਹ ਸਮਾਗਮ ਨਾ ਸਿਰਫ਼ ਖ਼ੁਸ਼ੀਆਂ ਵੰਡਣ ਦਾ ਮੌਕਾ ਹੈ, ਸਗੋਂ ਅਸੀਂ ਪੰਜਾਬੀ ਹੋਣ 'ਤੇ ਮਾਣ ਮਹਿਸੂਸ ਕਰਨ ਦਾ ਇੱਕ ਸੁੰਦਰ ਤਰੀਕਾ ਵੀ ਹੈ। ਮੇਲੇ ਦੀ ਖ਼ਾਸੀਅਤ

ਪੁਰਾਣੀਆਂ ਲੋਕ ਰਿਵਾਇਤਾਂ ਅਨੁਸਾਰ ਸਜਾਏ ਗਏ ਝੂਲੇ,ਔਰਤਾਂ ਦੇ ਗਿੱਧੇ ਅਤੇ ਬੋਲੀਆਂ,ਬੱਚਿਆਂ ਲਈ ਖੇਡਾਂ ਅਤੇ ਮੁਕਾਬਲੇ,ਪਿੰਡ ਦੀਆਂ ਵੱਡੀਆਂ-ਬਜ਼ੁਰਗਾਂ ਵੱਲੋਂ ਪੰਜਾਬੀ ਰਸਮਾਂ ਬਾਰੇ ਚਰਚਾ। ਇਹ ਮੇਲਾ ਸਿਰਫ਼ ਮਨੋਰੰਜਨ ਦਾ ਕੇਂਦਰ ਨਹੀਂ ਸੀ, ਬਲਕਿ ਪਿੰਡ ਦੇ ਲੋਕਾਂ ਵਿੱਚ ਪਿਆਰ, ਇਕੱਠ ਅਤੇ ਆਪਣੇ ਪੁਰਾਤਨ ਰਿਵਾਜਾਂ ਪ੍ਰਤੀ ਸ਼ਰਧਾ ਦਾ ਜੀਵੰਤ ਉਦਾਹਰਨ ਹੈ




# 14 ਅਗਸਤ ਨੂੰ ਸ਼੍ਰੋਮਣੀ ਅਕਾਲੀ ਦਲ ਮਾਨ ਤੇ ਦਲ ਖਾਲਸਾ ਵਲੋਂ ਕਾਲਾ ਦਿਨ ਮਨਾਉਣ ਦਾ ਕੀਤਾ ਐਲਾਣ , ਫਿਰੋਜਪੁਰ ਦੇ 7 ਨੰਬਰ ਚੁੰਗੀ ਤੋਂ ਡੀ ਸੀ ਦਫਤਰ ਤੱਕ ਕੀਤਾ ਜਾਵੇਗਾ ਰੋਸ ਮਾਰਚ - ਭੁੱਲਰ



ਮਖੂ, 12 ਅਗਸਤ (ਸ਼ਬੇਗ ਸਿੰਘ) ਬਲਾਕ ਮਖੂ ਦੇ ਸ਼੍ਰੋਮਣੀ ਅਕਾਲੀ ਦਲ ਅਮ੍ਰਿਤਸਰ ਮਾਨ ਦਲ ਦੇ ਵਰਕਰਾਂ ਤੇ ਆਗੂਆਂ ਦੀ ਮੀਟਿੰਗ ਸੀਨੀਅਰ ਮੀਤ ਪ੍ਰਧਾਂਨ ਦਵਿੰਦਰ ਸਿੰਘ ਚੁਗ੍ਹੀਆਂ ਦੀ ਅਗਵਾਈ ਹੇਠ ਗੁਰਦੁਆਰਾ ਬਾਬਾ ਬਾਠਾਂ ਵਾਲਾ ਮਖੂ ਵਿਖੇ ਹੋਈ। ਜਿਸ ਵਿਚ ਬਲਾਕ ਮਖੂ ਦੇ ਸਾਰੇ ਵਰਕਰਾਂ ਤੇ ਆਗੂਆ ਨੇ ਹਿੱਸਾ ਲਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ , ਜੋਗਿੰਦਰ ਸਿੰਘ ਮੱਲੇ ਵਾਲਾ ਤੇ ਬਲਕਾਰ ਸਿੰਘ ਜੋਗੇ ਵਾਲਾ ਨੇ ਕਿਹਾ 15 ਅਗਸਤ ਨੂੰ ਸਿੱਖ ਤੇ ਪੰਜਾਬੀ ਅਜਾਦ ਨਹੀ ਸਨ ਹੋਏ, ਸਗੋਂ ਕਾਲੇ ਅੰਗਰੇਜਾਂ ਦੀਆ ਗੁਲਾਮੀ ਦੀਆ ਜੰਜੀਰਾਂ ਵਿਚ ਜਕੜੇ ਗਏ ਸਨ। ਇਸ ਦਾ ਇਕੋ ਇਕ ਹੱਲ ਹੈ ਜਮਹੂਰੀ ਤੇ ਸ਼ਾਤਮਈ ਢੰਗ ਨਾਲ ਖਾਲਿਸਤਾਨ ਦੀ ਪ੍ਰਾਪਤੀ ਜੋ ਕਿ ਸਾਡਾ ਹੱਕ ਵੀ ਹੈ ਤੇ ਸਾਡੇ ਦੇਸ਼ ਪੰਜਾਬ ਤੇ ਅੰਗਰੇਜਾਂ ਨੇ ਕਬਜਾ ਕਰ ਲਿਆ ਸੀ।ਅਸੀ ਉਹ ਹੀ ਆਪਣਾ ਦੇਸ਼ ਜਿਸ ਨੂੰ ਅਸੀ ਖਾਲਿਸਤਾਨ ਦਾ ਨਾਂਮ ਦਿੰਦੇ ਹਾਂ ਇਸੇ ਹੀ ਰੋਸ ਨੂੰ ਲੈ ਕੇ 14 ਅਗਸਤ ਨੂੰ ਸ਼੍ਰੋਮਣੀ ਅਕਾਲੀ ਦਲ ਮਾਨ ਅਤੇ ਦਲ ਖਾਲਸਾ ਦੇ ਮੈਂਬਰਾਂ,ਵਰਕਰਾਂ, ਅਤੇ ਆਗੂਆਂ ਵੱਲੋਂ ਬਾਕੀ ਪੰਜਾਬ ਪ੍ਰਸਤ ਜਥੇਬੰਦੀਆਂ ਨੂੰ ਜਮਹੂਰੀਅਤ ਦੇ ਹੱਕ ਵਿਚ ਡੱਟਨ ਵਾਲੇ ਲੋਕਾਂ ਨਲ ਲੈਕੇ ਵੱਡੀ ਗਿਣਤੀ ਵਿਚ ਸ਼ਾਮਿਲ ਹੋ ਕੇ ਫਿਰੋਜਪੁਰ ਦੀ 7 ਨੰਬਰ ਚੁੰਗੀ ਤੋਂ ਲੇ ਕੇ ਡੀ ਸੀ ਫਿਰੋਜਪੁਰ ਦੇ ਦਫਤਰ ਤੱਕ ਰੋਸ ਮਾਰਚ ਕੱਢਿਆ ਜਾਵੇਗਾ। ਉਹਨਾਂ ਅੱਗੇ ਬੋਲਦਿਆਂ ਕਿਹਾ ਕਿ ਦੇਸ਼ ਪੰਜਾਬ ਅਜਾਦ ਨਹੀਂ ਹੋਇਆ ਸਗੋਂ ਦੋ ਟੁਕੜਿਆ ਵਿਚ ਪੰਜਾਬੀਆਂ ਨੂੰ ਵੰਡਿਆ ਗਿਆ ਸੀ। ਲੱਖਾਂ ਹੀ ਪੰਜਾਬੀਆਂ ਜਿੰਨ੍ਹਾਂ ਵਿਚ ਸਿੱਖ, ਹਿੰਦੂ, ਮੁਸਲਮਾਨ , ਈਸਾਈ ਸਾਰੇ ਪੰਜਾਬੀਆਂ ਨੇ ਆਪਣੇ ਪਰਿਵਾਰ ਸ਼ਹੀਦ ਕਰਵਾਏ ਸਨ,ਆਪਣੀਆਂ ਜਮੀਨਾਂ ,ਜਾਇਦਾਦਾਂ , ਘਰ ਘਾਟ ਡੰਗਰ ਵੱਛਾਂ ਛੱਡ ਕੇ ਹਿੰਦੋਸਤਾਨ ਨਾਲ ਆਏ ਸਨ ।ਪਰ ਇਥੇ ਅਜਾਦੀ ਦੀ ਜਗ੍ਹਾ ਗੁਲਾਮੀ ਮਿਲੀ , ਜਿੰਨ੍ਹਾਂ ਨੇ ਭਾਰਤ ਨੂੰ ਅਜਾਦ ਕਰਾਉਣ ਲਈ ਵੱਡੀਆ ਕੁਰਬਾਨੀਆਂ ਦਿੱਤੀਆਂ ਉਹਨਾਂ ਨੂੰ ਜਰਾਈਮ ਪੇਸ਼ਾ ਲੋਕਾਂ ਦਾ ਟੈਗ ਦੇ ਕੇ ਦੁਤਕਾਰਿਆ ਗਿਆ ,ਤੇ ਜਿੰਨ੍ਹਾਂ ਦੀ ਚੀਚੀ ਤੇ ਚੀਰ ਵੀ ਨਹੀਂ ਆਇਆ ਉਹ ਰਾਜ ਭਾਗ ਸਾਂਭ ਗਏ ਤੇ ਅੱਜ ਉਹ ਵੱਡੇ ਦੇਸ਼ ਭਗਤ ਅਖਵਾ ਰਹੇ ਹਨ। ਅਜਾਦੀ ਤੋਂ ਬਾਅਦ ਸਾਡੀ ਨਸਲਕੁਸ਼ੀ ਕੀਤੀ ਗਈ 1984 ਵਿਚ ਸਾਡੀ ਜਾਨ ਤੋਂ ਪਿਆਰੇ ਸ਼੍ਰੀ ਅਕਾਲ ਤਖਤ ਤੇ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕਰਕੇ ਕਤਲੋਗਾਰਤ ਕੀਤੀ ਗਈ,ਸਾਡਾ ਧਾਰਮਿਕ ਤੌਰ ਤੇ ਬੜਾ ਭਾਰੀ ਨੁਕਸਾਨ ਕੀਤਾ ਗਿਆ, ਉਸਤੋਂ ਬਾਅਦ ਦਿੱਲੀ ਵਿਚ ਸਾਡੀਆਂ ਧੀਆਂ ਭੈਣਾ ਦੀਆ ਇਜਤਾਂ ਰੋਲੀਆਂ ਗਈਆ,ਸਿੱਖਾਂ ਦੇ ਗਲਾ ਵਿਚ ਟਾਇਰ ਤੇ ਤੇਲ ਪਾ ਕੇ ਸਾੜਿਆ ਗਿਆ ।ਉਹ ਕਿਹੜਾ ਐਸਾ ਜੁਲਮ ਸੀ ਜੋ ਸਾਡੇ ਤੇ ਨਹੀਂ ਹੋਇਆ। ਉਸ ਤੋਂ ਬਾਅਦ ਖਾੜਕੂਵਾਦ ਨੂੰ ਕਾਲਾ ਦੌਰ ਕਹਿ ਕੇ ਅਤੇ ਹੁਣ ਗੈਂਗਸਟਰ ਕਹਿ ਕੇ ਨਸਲਕੁਸ਼ੀ ਜਾਰੀ ਹੈ। ਸਜਾ ਪੂਰੀ ਕਰ ਚੁੱਕੇ ਸਾਡੇ ਸਿੰਘਾਂ ਨੂੰ ਜਬਰਦਸਤੀ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ । ਬਲਾਤਕਾਰੀ ਸਾਧਾਂ ਨੂੰ ਪੈਰੋਲ ਦੇ ਕੇ ਸਿੱਖਾਂ੍ਹ ਬੇਗਾਨਗੀ ਦਾ ਅਹਿਸਾ ਦੇ ਚਿੜਾਇਆ ਜਾ ਰਿਹਾ ਹੈ। ਬਾਹਰ ਬੈਠੇ ਸਿਖ ਨੌਜਵਾਨਾਂ ਨੂੰ ਖੂਫੀਆ ਏਜੰਸੀਆਂ ਰਾਹੀਂ ਕਤਲ ਕਰਵਾਇਆ ਜਾ ਰਿਹਾ ਹੈ । ਇਸ ਕਰਕੇ ਮਾਨ ਦਲ ਤੇ ਦਲ ਖਾਲਸਾ ਦੇ ਆਗੂਆਂ ਵੱਲੋਂ ਲੋਕਾਂ ਹੱਥ ਬੰਨ੍ਹ ਕੇ ਪਰਜੋਰ ਅਪੀਲ ਬੇਨਤੀ ਹੈ ਕਿ ਆਓ ਅਜਾਦ ਦੇਸ਼ ਦੇ ਗੁਲਾਮ ਬਸ਼ਿੰਦਿਓ 14 ਅਗਸਤ ਨੂੰ ਵਹੀਰਾ ਘੱਤ ਕੇ ਫਿਰੋਜਪੁਰ ਪਹੁੰਚੋ ਤਾਂ ਭਾਰਤ ਦੀਆਂ ਜਾਲਮ ਸਰਕਾਰਾ ਤੋਂ ਇਨਸਾਫ ਲੈਣ ਲਈ 7 ਨੰਬਰ ਚੁੰਗੀ ਛਾਉਣੀ ਤੋਂ ਡੀ ਸੀ ਦਫਤਰ ਤੱਕ ਰੋਸ ਮਾਰਚ ਵਿਚ ਸ਼ਾਮਿਲ ਹੋ ਕੇ ਕਾਲਾ ਦਿਨ ਮਨਾਉਣ ਵਿਚ ਆਪਣਾ ਬਣਦਾ ਯੋਗਦਾਨ ਪਾ ਸਕੀਏ। ਇਸ ਮੌਕੇ ਜਿਲ੍ਹਾ ਪ੍ਰਧਾਂਨ ਗੁਰਚਰਨ ਸਿੰਘ ਭੁੱਲਰ,ਸੀਨੀਅਰ ਮੀਤ ਪ੍ਰਧਾਂਨ ਦਵਿੰਦਰ ਸਿੰਘ ਚੁਗ੍ਹੀਆਂ,ਜਨ ਸਕਤਰ ਜੋਗਿੰਦਰ ਸਿੰਘ ਸੰਧੂ ਮੱਲੇਵਾਲਾ,ਮੈਂਬਰ ਬਲਕਾਰ ਸਿੰਘ ਜੋਗੇਵਾਲਾ, ਕਸ਼ਮੀਰ ਸਿੰਘ ਰਸੂਲਪੁਰ,ਸਰਕਲ ਪ੍ਰਧਾਂਨ ਸੁਖਜੀਤ ਸਿੰਘ ਮਖੂ, ਸ਼ਬੇਗ ਸਿੰਘ ਮੱਖੂ, ਬਾਜ ਸਿੰਘ ਚ੍ਹਾਂਭ,ਗੁਰਪਾਲ ਸਿੰਘ ਮਰਹਾਣਾ,ਹਰਪਾਲ ਸਿੰਘ ਵਾਰਸਵਾਲਾ,ਨਿਰਮਲ ਸਿੰਘ ਚਾਂਗੀਆਂ,ਜਸਪਾਲ ਸਿੰਘ ,ਕੁਲਦੀਪ ਸਿੰਘ ਕਿਲੀ ਬੋਦਲਾਂ,ਗੁਭੇਜ ਸਿੰਘ ਫੇਮੀਵਾਲਾ, ਕੁਲਦੀਪ ਸਿੰਘ ਟਿੱਬੀ,ਗੁਰਸੇਵਕ ਸਿੰਘ ਮਖੂ,ਚਮਕੌਰ ਸਿੰਘ, ਵਿਸ਼ਾਲ ਸਿੰਘ ਜੋਗੇਵਾਲਾ, ਲੱਖਾ ਸਿੰਘ ਅਮੀਵਾਲਾ,ਵਰਿੰਦਰ ਸਿੰਘ ਵਿੰਝੋ ਕੇ,ਹਰਪਾਲ ਸਿੰਘ ਵਾਰਸਵਾਲਾ ਆਦਿ ਮੈਂਬਰ ਰੋਸ ਮਾਰਚ ਵਿਚ ਭਾਰੀ ਗਿਣਤੀ ਨਾਲ ਸ਼ਾਮਿਲ ਹੋਣਗੇ।

# ਸਿਹਤ ਵਿਭਾਗ ਵੱਲੋਂ ਜਾਗਰੂਕਤਾ ਰੈਲੀ ਕੱਢ ਕੇ ਐਚ.ਆਈ.ਵੀ./ਏਡਜ਼ ਜਾਗਰੂਕਤਾ ਮੁਹਿੰਮ ਦਾ ਕੀਤਾ ਅਗਾਜ




ਅੰਮ੍ਰਿਤਸਰ, 12 ਅਗਸਤ (ਹਰਪਾਲ ਸਿੰਘ) ਪੰਜਾਬ ਸਰਕਾਰ ਦੇ ਹੁਕਮਾਂ ਅਨੂਸਾਰ ਸਿਵਲ ਸਰਜਨ ਡਾ ਕਿਰਨਦੀਪ ਕੌਰ ਜੀ ਦੀ ਅਗਵਾਈ ਹੇਠ ਦਫਤਰ ਸਿਵਲ ਸਰਜਨ ਤੋਂ ਐਚ.ਆਈ.ਵੀ. ਏਡਜ ਜਾਗੂਕਤਾ ਮੁਹਿੰਮ ਦਾ ਆਗਾਜ ਜਿਲ੍ਹਾ ਪੱਧਰੀ ਰੈਲੀ ਕਰਵਾ ਕੇ ਕੀਤਾ ਗਿਆ। ਇਸ ਸਮਾਗਮ ਦੌਰਾਨ ਸਿਵਲ ਸਰਜਨ ਅਮ੍ਰਿਤਸਰ ਡਾ ਕਿਰਨਦੀਪ ਕੌਰ ਨੇ ਕਿਹਾ ਕਿ ਇਹ ਮੁਹਿੰਮ ਮਿਤੀ 12 ਅਗਸਤ ਤੋਂ ਲੈਕੇ ਮਿਤੀ 12 ਅਕਤੂਬਰ ਤੱਕ 60 ਦਿਨਾਂ ਤੱਕ ਚਲਾਈ ਜਾਵੇਗੀ ਅਤੇ ਇਸ ਮੁਹਿੰਮ ਦੋਰਾਨ ਜਿਲ੍ਹੇ ਭਰ ਦੇ ਵੱਖ ਵੱਖ ਇਲਾਕਿਆਂ ਵਿਚ ਰੱਲਿਆ, ਨੁੱਕੜ ਨਾਟਕਾਂ, ਮੀਟਿੰਗਾਂ ਅਤੇ ਸਮਿਨਾਰਾਂ ਰਾਹੀਂ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਐਚ.ਆਈ.ਵੀ./ਏਡਜ ਸੰਬਧੀ ਜਾਣਕਾਰੀ ਅਤੇ ਸਾਵਧਾਨੀ ਹੀ ਇਸਦਾ ਦਾ ਇਲਾਜ ਹੈ, ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਦੇ ਕੋਈ ਵੀ ਲੱਛਣ ਨਜਰ ਆਉਣ ਤਾਂ ਉਹ ਤੁਰੰਤ ਨਜਦੀਕੀ ਸਰਕਾਰੀ ਹਸਪਤਾਲ ਜਾਂ ਆਈ.ਸੀ.ਟੀ.ਸੀ. ਸ਼ੈਂਟਰ ਤੇ ਜਾ ਕੇ ਆਪਣੀ ਜਾਂਚ ਕਰਵਾ ਕੇ, ਏ.ਆਰ.ਟੀ ਸੈਂਟਰ ਤੋਂ ਆਪਣਾਂ ਇਲਾਜ ਕਰਵਾ ਸਕਦਾ ਹੈ। ਇਹਨਾਂ ਸੈਂਟਰਾਂ ਵਿਚ ਮੁਫਤ ਜਾਂਚ, ਇਲਾਜ ਅਤੇ ਕੌਸਲਿਗ ਕੀਤੀ ਜਾਂਦੀ ਹੈ ਅਤੇ ਮਰੀਜ ਦਾ ਨਾਮ-ਪਤਾ ਅਤੇ ਰਿਕਾਰਡ ਗੁਪਤ ਰੱਖਿਆ ਜਾਂਦਾ ਹੈ। ਉਹਨਾਂ ਕਿਹਾ ਕਿ ਏਡਜ ਦੇ ਮਰੀਜਾਂ ਨਾਲ ਬਿਨਾਂ ਕਿਸੇ ਭੇਦ-ਭਾਵ ਦੇ ਪੇਸ਼ ਆਉਣਾਂ ਚਾਹੀਦਾ ਹੈ ਅਤੇ ਉਹਨਾਂ ਦੇ ਇਲਾਜ ਵਿਚ ਸਹਿਯੋਗ ਕਰਨਾਂ ਚਾਹੀਦਾ ਹੈ। ਇਸ ਮੌਕੇ ਜਿਲਾ ਏਡਜ ਕੰਟਰੋਲ ਅਫਸਰ ਡਾ ਵਿਜੇ ਗੋਤਵਾਲ ਵਲੋਂ ਲੋਕਾਂ ਨੂੰ ਏਡਜ ਦੇ ਕਾਰਣ, ਲੱਛਣ ਅਤੇ ਬਚਾਓ ਸੰਬਧੀ ਵਿਸ਼ੇਸ਼ ਜਾਣਕਾਰੀ ਦਿੱਤੀ ਗਈ। ਇਸ ਮੌਕੇ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਨੀਲਮ ਭਗਤ, ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ, ਡੈਪਕੋ ਸਟਾਫ ਮੈਡਮ ਸ਼ਿਖਾ, ਮੈਡਮ ਅੰਜੂ, ਸਮੂਹ ਆਈ.ਸੀ.ਟੀ.ਸੀ. ਅਤੇ ਏ.ਆਰ.ਟੀ. ਸਟਾਫ ਹਾਜਰ ਸਨ।

# ਆਈਈਸੀ ਐਕਟੀਵਟੀ ਅਧੀਨ ਪਿੰਡ ਪੱਧਰੀ ਕੈਂਪ ਪਿੰਡ-ਕੱਲ੍ਹਾ ਵਿਖੇ ਲਗਾਇਆ




ਤਰਨ ਤਾਰਨ, 12 ਅਗਸਤ (ਐਸ ਐਸ ਸੰਧਾ) ਮਾਣਯੋਗ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਕੁਮਾਰ ਆਈਏਐਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਿਲ੍ਹਾ ਸਿਖਲਾਈ ਅਫਸਰ ਤਰਨ ਤਾਰਨ ਡਾ ਜਸਵਿੰਦਰ ਸਿੰਘ ਦੀ ਪ੍ਰਧਾਨਗੀ ਅਤੇ ਬਲਾਕ ਖਡੂਰ ਸਾਹਿਬ ਖੇਤੀਬਾੜੀ ਅਫਸਰ ਡਾ ਨਵਤੇਜ ਸਿੰਘ ਦੀ ਅਗਵਾਈ ਹੇਠ ਆਈਈਸੀ ਐਕਟੀਵਟੀ ਅਧੀਨ ਪਿੰਡ ਪੱਧਰੀ ਕੈਂਪ ਪਿੰਡ- ਕੱਲ੍ਹਾ, ਬਲਾਕ ਖਡੂਰ ਸਾਹਿਬ ਵਿਖੇ ਲਗਾਇਆ ਗਿਆ। ਇਸ ਮੌਕੇ ਸ੍ਰੀ ਸਤਨਾਮ ਸਿੰਘ ਖੇਤੀਬਾੜੀ ਸਬ- ਇੰਸਪੈਕਟਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ ਅਤੇ ਇਸ ਦੇ ਨਾਲ ਦੱਸਿਆ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਮਿੱਤਰ-ਕੀੜੇ ਮਰ ਜਾਂਦੇ ਹਨ ਅਤੇ ਜਮੀਨ ਦੀ ਉਪਜਾਊ ਸ਼ਕਤੀ ਘੱਟ ਜਾਂਦੀ ਹੈ। ਪਰਾਲੀ ਨੂੰ ਅੱਗ ਲਾਉਣ ਨਾਲ ਸੜਕੀ ਹਾਦਸੇ ਵਾਪਰਦੇ ਹਨ ਅਤੇ ਜ਼ਹਿਰੀਲੇ ਧੂੰਏ ਨਾਲ ਬਜ਼ੁਰਗਾਂ ਅਤੇ ਬੱਚਿਆਂ ਨੂੰ ਸਾਹ ਲੈਣਾ ਔਖਾ ਹੋ ਜਾਂਦਾ ਹੈ। ਇੱਕ ਟਨ ਪਰਾਲੀ ਨੂੰ ਅੱਗ ਲਾਉਣ ਨਾਲ 400 ਕਿਲੋ ਜੈਵਿਕ ਕਾਰਬਨ 5.5 ਕਿਲੋ ਨਾਈਟ੍ਰੋਜਨ, 23 ਕਿਲੋ ਫਾਸਫੋਰਸ , 25 ਕਿਲੋ ਪੋਟਾਸ਼ ਅਤੇ 1.2 ਕਿਲੋ ਸਲਫ਼ਰ ਦਾ ਨੁਕਸਾਨ ਹੁੰਦਾ ਹੈ। ਇਸ ਮੌਕੇ ਸਿਮਰਨਜੀਤ ਸਿੰਘ ਖੇਤੀਬਾੜੀ ਸਬ ਇੰਸਪੈਕਟਰ ਨੇ ਝੋਨੇ ਉੱਪਰ ਚੱਲ ਰਹੀਆਂ ਬਿਮਾਰੀਆਂ ਅਤੇ ਕੀੜੇ ਮਕੌੜਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਸ੍ਰੀ ਸਿਮਰਨਜੀਤ ਸਿੰਘ ਖੇਤੀਬਾੜੀ ਸਬ-ਇੰਸਪੈਕਟਰ ਮਹਿਕਮੇ ਵਿੱਚ ਚੱਲ ਰਹੀਆਂ ਗਤੀਵਿਧੀਆਂ ਬਾਰੇ ਦੱਸਿਆ ਜਿਵੇਂ ਕਿ ਕਿਸਾਨਾਂ ਨੂੰ 50% ਸਬਸਿਡੀ ਤੇ ਆਈ ਜਿਪਸਮ ਬਾਰੇ ਜਾਣਕਾਰੀ ਮੁਹਈਆ ਕਰਵਾਈ ।ਇਸ ਮੌਕੇ ਪੀ ਐਮ ਕਿਸਾਨ ਨਿਧੀ ਯੋਜਨਾ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਅਤੇ ਆਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਰਪੰਚ ਅਮਨਦੀਪ ਸਿੰਘ,ਕੁੰਦਨ ਸਿੰਘ,ਹਰਜੀਤ ਸਿੰਘ, ਬਚਿੱਤਰ ਸਿੰਘ, ਪ੍ਰਗਟ ਸਿੰਘ,ਤਰਸੇਮ ਸਿੰਘ ਆਦਿ ਹਾਜ਼ਰ ਸਨ।

Editor,Owner and Publisher Sarbjot Singh Sandha on behalf of Fateh Times online news and media company Regd:PB22000167,Published from Fateh Times H/O Mankdeka Road , Fatehabad,(Tarntaran) 143407

ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।

# ਤੀਜ ਦੇ ਤਿਉਹਾਰ ਨੇ ਭਰਿਆ ਮਨਾਂ ਵਿੱਚ ਉਤਸ਼ਾਹ ਤੇ ਉਮੰਗ



ਸ਼੍ਰੀ ਗੋਇੰਦਵਾਲ ਸਾਹਿਬ, 12 ਅਗਸਤ (ਐਸ ਐਸ ਸੰਧਾ/ਦਿਲਬਾਗ ਸਿੰਘ) ਗੁਰੂ ਅਮਰਦਾਸ ਸੀਨੀਅਰ ਸੈਕੰਡਰੀ ਸਕੂਲ, ਗੋਇੰਦਵਾਲ ਸਾਹਿਬ ਵਿੱਚ ਤੀਆਂ ਦਾ ਤਿਉਹਾਰ ਭਰਪੂਰ ਉਤਸ਼ਾਹ ਅਤੇ ਸੱਭਿਆਚਾਰਕ ਰੰਗਤ ਨਾਲ ਮਨਾਇਆ ਗਿਆ। ਇਸ ਸੁਨੇਹਰੇ ਮੌਕੇ 'ਤੇ ਇੰਟਰ ਹਾਊਸ ਲੋਕ ਨਾਚ ਮੁਕਾਬਲੇ ਦਾ ਆਯੋਜਨ ਵੀ ਕੀਤਾ ਗਿਆ। ਵਿਦਿਆਰਥੀਆਂ ਨੇ ਪੰਜਾਬੀ ਲੋਕ ਰਸਮਾਂ ਨੂੰ ਉਜਾਗਰ ਕਰਦਿਆਂ ਸ਼ਾਨਦਾਰ ਪ੍ਰਸਤੁਤੀਆਂ ਨਾਲ ਦਰਸ਼ਕਾਂ ਨੂੰ ਮੋਹ ਲਿਆ।ਸਮਾਗਮ ਦੌਰਾਨ ਸਕੂਲ ਦੀ ਪ੍ਰੈਜੀਡੈਂਟ ਬਲਜੀਤ ਕੌਰ ਰੰਧਾਵਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ: “ਤੀਜ ਸਾਡੀ ਲੋਕ ਸੱਭਿਆਚਾਰ ਦੀ ਖੂਬਸੂਰਤ ਪਰਤੀਕ ਹੈ। ਇਸ ਤਿਉਹਾਰ ਰਾਹੀਂ ਅਸੀਂ ਆਪਣੀਆਂ ਜੜ੍ਹਾਂ ਨਾਲ ਜੁੜਦੇ ਹਾਂ। ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਸਭਿਆਚਾਰਕ ਲੋਕ ਨਾਚ ਨੇ ਸਾਡੇ ਵਿਰਸੇ ਦੇ ਰੰਗਾਂ ਦੀ ਝਲਕ ਵਿਖਾਈ। ਇਨ੍ਹਾਂ ਗਤੀਵਿਧੀਆਂ ਰਾਹੀਂ ਬੱਚਿਆਂ ਦੇ ਸਮੁੱਚੇ ਵਿਕਾਸ ਨੂੰ ਵਾਧਾ ਮਿਲਦਾ ਹੈ।”ਪ੍ਰਿੰਸੀਪਲ ਰਵਿੰਦਰ ਕੌਰ ਨੇ ਵੀ ਵਿਦਿਆਰਥੀਆਂ ਦੀ ਸਰਾਹਨਾ ਕਰਦਿਆਂ ਉਨ੍ਹਾਂ ਨੂੰ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣ ਦੀ ਪ੍ਰੇਰਣਾ ਦਿੱਤੀ।ਸਾਰੇ ਹਾਊਸਾਂ ਨੇ ਜੋਸ਼ ਤੇ ਲਗਨ ਨਾਲ ਭਾਗ ਲਿਆ। ਮੁਕਾਬਲੇ ਦੇ ਅੰਤ ‘ਤੇ ਜਿੱਤੂ ਸਦਨ - ਹਵਾ ਸਦਨ ਦੀ ਹੁਨਰਮੰਦੀ ਨੂੰ ਸਨਮਾਨਿਤ ਕੀਤਾ ਗਿਆ।

# ਜੋਨਲ ਸਕੂਲ ਖੇਡਾਂ ਵਿੱਚ ਸੁਤੰਤਰਤਾ ਸੰਗਰਾਮੀ ਖਜ਼ਾਨ ਸਿੰਘ ਸਰਕਾਰੀ ਹਾਈ ਸਕੂਲ ਬਦਰਾ ਦੇ ਖਿਡਾਰੀ ਮੋਹਰੀ

ਬਰਨਾਲਾ, 12 ਅਗਸਤ (ਪ ਪ) ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਬਰਨਾਲਾ ਸੁਨੀਤਇੰਦਰ ਸਿੰਘ ਅਤੇ ਉੱਪ-ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਬਰਨਾਲਾ ਡਾ. ਬਰਜਿੰਦਰਪਾਲ ਸਿੰਘ ਦੀ ਅਗਵਾਈ ਵਿੱਚ ਕਰਵਾਈਆਂ ਗਈਆਂ 69ਵੀਂਆਂ ਗਰਮ ਰੁੱਤ ਜੋਨਲ ਸਕੂਲ ਖੇਡਾਂ ਵਿੱਚ ਸੁਤੰਤਰਤਾ ਸੰਗਰਾਮੀ ਖਜ਼ਾਨ ਸਿੰਘ ਸਰਕਾਰੀ ਹਾਈ ਸਕੂਲ ਬਦਰਾ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਸਕੂਲ ਮੁਖੀ ਗੁਰਜੀਤ ਕੌਰ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਵੀ ਸਖਤ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਆ। ਡੀਪੀਈ ਹਰਜੀਤ ਸਿੰਘ ਜੋਗਾ ਨੇ ਦੱਸਿਆ ਕਿ ਜੋਨ ਪੱਖੋ ਕਲਾਂ ਦੇ ਕਰਵਾਏ ਗਏ ਮੁਕਾਬਲਿਆਂ ਵਿੱਚ ਖੋ-ਖੋ ਅੰਡਰ 17 (ਲੜਕੀਆਂ) ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਜਦਕਿ ਖੋ-ਖੋ ਅੰਡਰ 17 (ਲੜਕੇ) ਨੇ ਦੂਸਰਾ ਅਤੇ ਅੰਡਰ 14 (ਲੜਕੇ) ਨੇ ਤੀਸਰਾ, ਕਬੱਡੀ ਸਰਕਲ ਸਟਾਇਲ ਅੰਡਰ 14 ਸਾਲ (ਲੜਕੇ) ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਲੜਕੀਆਂ ਦੇ ਕਰਾਟੇ ਅੰਡਰ 14 ਸਾਲ ਵਿੱਚ ਪ੍ਰਭਜੋਤ ਕੌਰ ਨੇ ਦੂਜਾ, ਨੀਤੂ ਕੌਰ ਨੇ ਦੂਜਾ, ਕਰਾਟੇ ਅੰਡਰ 17 ਸਾਲ ਵਿੱਚ ਕਮਲਜੋਤ ਕੌਰ ਨੇ ਦੂਜਾ ਤੇ ਹਰਮਨਜੋਤ ਨੇ ਦੂਜਾ ਸਥਾਨ ਹਾਸਲ ਕੀਤਾ ਹੈ। ਇਸ ਮੌਕੇ ਸਕੂਲ ਮੁਖੀ ਗੁਰਜੀਤ ਕੌਰ, ਅਵਤਾਰ ਸਿੰਘ, ਕੁਲਵਿੰਦਰ ਸਿੰਘ, ਕੁਲਵੰਤ ਸਿੰਘ, ਨਿਰਮਲ ਸਿੰਘ, ਚਿਰਜੋਤ ਸਿੰਘ ਅਤੇ ਹਰਜੀਤ ਸਿੰਘ ਜੋਗਾ ਸਮੇਤ ਸਮੂਹ ਵਿਦਿਆਰਥੀ ਮੌਜੂਦ ਸਨ।

# ਸਅਸ ਝੰਡੇਰ ਵਿਖੇ ‘ਹਰ ਘਰ ਤਿਰੰਗਾ, ਹਰ ਘਰ ਸਵੱਛਤਾ’ ਸਵਤੰਤਰਤਾ ਦਾ ਉਤਸਵ, ਸਵੱਛਤਾ ਦੇ ਨਾਲ ਪ੍ਰੋਗਰਾਮ ਮਨਾਇਆ




ਤਰਨਤਾਰਨ, 12 ਅਗਸਤ (ਐਸ ਐਸ ਸੰਧਾ) 'ਹਰ ਘਰ ਤਿਰੰਗਾ, ਹਰ ਘਰ ਸਵੱਛਤਾ ਸਵਤੰਤਰਤਾ ਦਾ ਉਤਸਵ, ਸਵੱਛਤਾ ਦੇ ਨਾਲ ਪ੍ਰੋਗਰਾਮ ਅੱਜ ਸਰਕਾਰੀ ਐਲੀਮੈਂਟਰੀ ਸਕੂਲ ਝੰਡੇਰ ਵਿਖੇ ਜਲ ਸਪਲਾਈ ਬਲਾਕ ਕੋਆਰਡੀਨੇਟਰ ਸ੍ਰ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਹੋਇਆ। ਇਸ ਮੌਕੇ ਆਏ ਹੋਏ ਪ੍ਰਤੀਭਾਗੀਆਂ ਨੂੰ 'ਹਰ ਘਰ ਤਿਰੰਗਾ, ਹਰ ਘਰ ਸਵੱਛਤਾ ਬਾਰੇ ਜਲ ਸਪਲਾਈ ਵਿਭਾਗ ਦੇ ਬਲਾਕ ਕੋਆਰਡੀਨੇਟਰ ਸ੍ਰ ਸੁਖਵਿੰਦਰ ਸਿੰਘ ਵੱਲੋਂ ਜਾਣਕਾਰੀ ਦਿੱਤੀ ਗਈ। ਉਹਨਾਂ ਵੱਲੋਂ ਜਲ ਜੀਵਨ ਮਿਸ਼ਨ ਅਧੀਨ ਪਾਣੀ ਦੀ ਸਾਂਭ ਸੰਭਾਲ ਅਤੇ ਸਵੱਛ ਭਾਰਤ ਮਿਸ਼ਨ ਤਹਿਤ ਵਿਦਿਆਰਥੀਆਂ ਨੂੰ ਸਾਫ਼-ਸਫਾਈ ਬਾਰੇ ਜਾਣੂ ਕਰਵਾਇਆ ਗਿਆ ਅਤੇ ਇਸ ਤੋਂ ਉਪਰੰਤ ਜ਼ਿਲੇ ਦੇ ਵੱਖ-ਵੱਖ ਪਿੰਡਾਂ ਅਤੇ ਸਕੂਲਾਂ 'ਚ ਹਰ ਘਰ ਤਿਰੰਗਾ, ਹਰ ਘਰ ਸਵੱਛਤਾ ਸਵਤੰਤਰਤਾ ਦਾ ਉਤਸਵ, ਸਵੱਛਤਾ ਦੇ ਨਾਲ ਬਾਰੇ ਜਾਣੂ ਕਰਵਾਇਆ ਗਿਆ ਅਤੇ ਇਸ ਤੋਂ ਉਪਰੰਤ ਸਹੁੰ ਚੁਕਾਈ ਗਈ। ਇਸ ਮੌਕੇ ਚੇਅਰਮੈਨ ਸ਼ੇਰ ਸਿੰਘ ਝੰਡੇਰ, ਸਕੂਲ ਮੁਖੀ ਸ੍ਰ ਰਣਜੀਤ ਸਿੰਘ, ਐਲੀਮੈਂਟਰੀ ਸਕੂਲ ਮੁਖੀ ਮੈਡਮ ਰਾਜਵਿੰਦਰ ਕੌਰ, ਅਧਿਆਪਕ ਪ੍ਰਸ਼ੋਤਮ ਸਿੰਘ, ਪ੍ਰੀਤੀ, ਬਰਜਿੰਦਰ ਸਿੰਘ, ਸ਼ਰਨਜੀਤ ਕੌਰ ਅਤੇ ਪਰਮਿੰਦਰ ਕੌਰ ਹਾਜਰ ਸਨ।

# ਡੋਪ ਟੈਸਟ ਕੀ ਹੈ?

(ਲੜੀਵਾਰ ਲੇਖ ਕਿਸ਼ਤ: 2)

**(ਚਲਦਾ)** ਨਾਲ ਪ੍ਰਾਪਤ ਕੀਤੀ ਜਾਂਦੀ ਹੈ ਅਤੇ ਰਸਾਇਣਿਕ ਦਵਾਈਆਂ ਦੇ ਦੁਆਰਾ ਨਹੀਂ।

ਸਿਹਤ ਅਤੇ ਸੁਰੱਖਿਆ: ਪ੍ਰਤੀਬੰਧਿਤ ਕੀਤੀਆਂ ਗਈਆਂ ਦਵਾਈਆਂ ਮਨੁੱਖੀ ਸਿਹਤ 'ਤੇ ਖ਼ਤਰਨਾਕ ਪ੍ਰਭਾਵ ਪਾ ਸਕਦੀਆਂ ਹਨ ਅਤੇ ਇਹ ਪ੍ਰਭਾਵ ਗੰਭੀਰ ਦਿਲ ਦੇ ਰੋਗ ਅਤੇ ਹਾਰਮੋਨਲ ਅਸੰਤੁਲਨ ਤੋਂ ਲੈ ਕੇ ਗੰਭੀਰ ਮਨੋਵਿਗਿਆਨਕ ਬਿਮਾਰੀਆਂ ਤੱਕ ਹੋ ਸਕਦੇ ਹਨ। ਐਸੀਆਂ ਘਟਨਾਵਾਂ ਦੀ ਪਹਿਲਾਂ ਹੀ ਪਛਾਣ ਅਤੇ ਰੋਕਥਾਮ ਡੋਪ ਟੈਸਟਿੰਗ ਦੁਆਰਾ ਕੀਤੀ ਜਾ ਸਕਦੀ ਹੈ ਅਤੇ ਇਸ ਲਈ ਇਹ ਅਸਲ ਰੂਪ ਵਿੱਚ ਜੀਵਨ-ਬਚਾਉਣ ਵਾਲਾ ਉਪਾਅ ਹੋ ਸਕਦਾ ਹੈ।

ਸਰਕਾਰੀ ਨੌਕਰੀਆਂ ਵਿੱਚ ਇਮਾਨਦਾਰੀ: ਸਰਕਾਰੀ ਸੇਵਾ ਕਰਨ ਵਾਲੇ ਲੋਕ ਜੋ ਕਿ ਰੱਖਿਆ, ਪੁਲਿਸ, ਨਿਆਂ ਅਤੇ ਸਿਵਿਲ ਸੇਵਾਵਾਂ ਵਿੱਚ ਹਨ, ਉਨ੍ਹਾਂ 'ਤੇ ਭਾਰੀ ਜ਼ਿੰਮੇਵਾਰੀ ਹੁੰਦੀ ਹੈ ਜੋ ਕਿ ਕਰੋੜਾਂ ਲੋਕਾਂ 'ਤੇ ਪ੍ਰਭਾਵ ਪਾ ਸਕਦੀ ਹੈ। ਉਨ੍ਹਾਂ ਵਿੱਚ ਦਵਾਈਆਂ ਦੀ ਵਰਤੋਂ




ਗਲਤ ਫੈਸਲੇ, ਭ੍ਰਿਸ਼ਟਾਚਾਰ, ਹਿੰਸਾ ਜਾਂ ਲਾਪਰਵਾਹੀ ਦਾ ਕਾਰਨ ਬਣ ਸਕਦੀ ਹੈ। ਕਰਮਚਾਰੀਆਂ ਦੇ ਵਿਅਕਤੀਗਤ ਪੱਖ 'ਤੇ ਐਸੀ ਲਾਪਰਵਾਹੀਆਂ ਰਾਸ਼ਟਰ ਦੇ ਹਿੱਤ ਨੂੰ ਖ਼ਤਰੇ ਵਿੱਚ ਪਾ ਸਕਦੀਆਂ ਹਨ।

ਜਨਤਾ ਦਾ ਵਿਸ਼ਵਾਸ: ਜਿਹੜੀਆਂ ਸੰਸਥਾਵਾਂ ਨਿਯਮਿਤ ਦਵਾਈ ਟੈਸਟ ਕਰਦੀਆਂ ਹਨ ਉਹ ਇਹ ਦਰਸ਼ਾਉਂਦੀਆਂ ਹਨ ਕਿ ਉਹ ਪਾਰਦਰਸ਼ਤਾ ਅਤੇ ਜ਼ਿੰਮੇਵਾਰੀ ਵਰਗੇ ਗੁੱਣਾਂ ਦੀ ਕਦਰ ਕਰਦੀਆਂ ਹਨ। ਇਹ ਜਨਤਾ ਵਿੱਚ ਵੱਡਾ ਵਿਸ਼ਵਾਸ ਬਣਾਉਣ ਵਿੱਚ ਮਦਦ ਕਰਦਾ ਹੈ।

ਡੋਪ ਟੈਸਟਿੰਗ ਦੀ ਲਾਗਤ: ਜਦੋਂ ਕਿ ਵਿਸ਼ਾਲ ਪੱਧਰ 'ਤੇ ਡੋਪ ਟੈਸਟਿੰਗ ਲਾਗੂ ਕਰਨ ਲਈ ਵਿੱਤੀ ਨਿਵੇਸ਼ ਦੀ ਲੋੜ ਹੁੰਦੀ ਹੈ, ਪਰ ਇਹ ਲਾਗਤ ਦਵਾਈਆਂ ਦੇ ਦੁਰਵਿਵਹਾਰ ਨਾਲ ਹੋਣ ਵਾਲੇ ਸਮਾਜਿਕ ਅਤੇ ਨੈਤਿਕ ਨੁਕਸਾਨ ਦੇ ਮੁਕਾਬਲੇ ਵਿੱਚ ਘੱਟ ਹੁੰਦੀ ਹੈ।

ਟੈਸਟ ਦੀ ਕਿਸਮ,ਅੰਦਾਜ਼ਿਤ ਲਾਗਤ:

ਬੁਨਿਆਦੀ ਮੂਤਰ ਟੈਸਟ 2,000 – 5,000,ਖ਼ੂਨ ਦਾ ਟੈਸਟ 7,000 – 15,000,ਵਾਲਾਂ ਦਾ ਫੋਲਿਕਲ ਟੈਸਟ (ਦੁਰਲਭ) 15,000 –25,000 ਪਰ ਜੇਕਰ ਡੋਪ ਟੈਸਟਿੰਗ ਸਮੂਹਿਕ ਟੈਸਟਿੰਗ ਲਈ ਵਿਚਾਰਿਆ ਜਾਵੇ ਤਾਂ ਇਸ ਹਾਲਤ ਵਿੱਚ ਪ੍ਰਮਾਣਿਤ ਲੈਬਾਂ ਨਾਲ ਕਰਾਰ ਕਰਨ ਨਾਲ ਲਾਗਤ ਹੋਰ ਵੀ ਘਟਾਈ ਜਾ ਸਕਦੀ ਹੈ।

ਸਾਫ਼ ਸੁਥਰੀ ਮੁਕਾਬਲੇਬਾਜ਼ੀ ਲਈ ਜ਼ਰੂਰੀ ਟੈਸਟਿੰਗ ਖੇਡਾਂ ਵਿੱਚ

ਮਿਹਨਤੀ ਖਿਡਾਰੀਆਂ ਅਤੇ ਖਿਡਾਰੀਆਂ ਨੂੰ ਧੋਖਾਧੜੀ ਕਰਨ ਵਾਲਿਆਂ ਤੋਂ ਬਚਾਉਂਦਾ ਹੈ।

ਨੌਜਵਾਨ ਖਿਡਾਰੀਆਂ ਵਿਚ ਸ਼ੁਰੂਆਤੀ ਅਸੁਰੱਖਿਅਤ ਭਾਵਨਾ ਨੂੰ ਰੋਕਦਾ ਹੈ ਜੋ ਸਦਾ ਵਧੀਆ ਪ੍ਰਦਰਸ਼ਨ ਕਰਨ ਲਈ ਦਬਾਅ ਵਿੱਚ ਹੁੰਦੇ ਹਨ।

ਰਾਸ਼ਟਰ ਦੀ ਛਵੀ ਨੂੰ ਬਚਾਉਂਦਾ ਹੈ ਕਿਉਂਕਿ ਡੋਪੀਂਗ ਸਕੈਂਡਲ ਵਿਸ਼ਵ ਪੱਧਰ 'ਤੇ ਹਾਸਿਲ ਕੀਤੀ ਗਈ ਇੱਜ਼ਤ ਨੂੰ ਤਬਾਹ ਕਰ ਸਕਦੇ ਹਨ।

ਲੰਬੀ ਉਮਰ ਅਤੇ ਸੁੱਖ-ਸਿਹਤ ਨੂੰ ਪ੍ਰਚਾਰਿਤ ਕਰਦਾ ਹੈ ਜਿਸ ਨਾਲ ਸਭ ਖਿਡਾਰੀ ਅਤੇ ਖਿਡਾਰੀਆਂ ਨੂੰ ਸਿਹਤਮੰਦ ਅਤੇ ਨੈਤਿਕ **(ਚਲਦਾ)**



ਲੇਖਕ:
ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

# ਸੂਰਜ

## ਕਹਾਣੀ



ਅਜੇ ਕੁਝ ਹੀ ਦਿਨ ਹੋਏ ਸਨ ਮੈਨੂੰ ਇਸ ਸਕੂਲ ਵਿੱਚ ਆਏ। ਰੋਜ਼ ਦੀ ਤਰ੍ਹਾਂ ਮੈਂ ਸਵੇਰ ਦੀ ਸਭਾ ਪੂਰੀ ਕਰਵਾਈ। ਸਾਰੇ ਬੱਚੇ ਆਪਣੀ-ਆਪਣੀ ਜਮਾਤ ਵਿੱਚ ਚਲੇ ਗਏ। ਮੈਂ ਵੀ ਹਾਜ਼ਰੀ ਰਜਿਸਟਰ ਲੈ ਕੇ ਜਮਾਤ ਵਿੱਚ ਪਹੁੰਚਿਆ। ਜਦੋਂ ਮੈਂ ਹਾਜ਼ਰੀ ਲਗਾ ਰਿਹਾ ਸੀ, ਇੱਕ ਵਿਅਕਤੀ ਸਕੂਲ ਵਿੱਚ ਆਇਆ। ਹਾਜ਼ਰੀ ਪੂਰੀ ਕਰਨ ਤੋਂ ਬਾਅਦ ਮੈਂ ਉਸ ਨੂੰ ਦਫ਼ਤਰ ਵਿੱਚ ਲੈ ਗਿਆ। ਉਸਨੂੰ ਪੁੱਛਣ ’ਤੇ ਪਤਾ ਲੱਗਾ ਕਿ ਉਹ ਪੰਜਵੀਂ ਜਮਾਤ ਦੇ ਵਿਦਿਆਰਥੀ ਸੂਰਜ ਦਾ ਪਿਤਾ ਹੈ। ਉਹ ਪਿੰਡ ਵਿੱਚ ਸਬਜ਼ੀ ਵੇਚਣ ਦਾ ਕੰਮ ਕਰਦਾ ਹੈ।

ਉਹ ਮੇਰੇ ਕੋਲ ਸੂਰਜ ਦੀ ਸ਼ਿਕਾਇਤ ਲੈ ਕੇ ਆਇਆ ਸੀ। ਉਸ ਨੇ ਦੱਸਿਆ ਕਿ ਸੂਰਜ ਘਰ ਵਿੱਚ ਬਹੁਤ ਸ਼ਰਾਰਤਾਂ ਕਰਦਾ ਹੈ, ਕਿਸੇ ਦੀ ਗੱਲ ਨਹੀਂ ਮੰਨਦਾ, ਗੰਦੀ ਸ਼ਬਦਾਵਲੀ ਵਰਤਦਾ ਹੈ ਅਤੇ ਆਪਣੇ ਛੋਟੇ ਭੈਣ-ਭਰਾਵਾਂ ਨੂੰ ਵੀ ਮਾਰਦਾ-ਕੁੱਟਦਾ ਹੈ। ਕਈ ਵਾਰ ਸਬਜ਼ੀਆਂ ਖਿਲਾਰ ਦਿੰਦਾ ਹੈ ਜਿਸ ਨਾਲ ਉਸਦਾ ਕੰਮ ਖ਼ਰਾਬ ਹੁੰਦਾ ਹੈ। ਇਹ ਸੁਣ ਕੇ ਮੈਨੂੰ ਗੁੱਸਾ ਆ ਗਿਆ। ਮੈਂ ਸੂਰਜ ਨੂੰ ਦਫ਼ਤਰ ਵਿੱਚ ਬੁਲਾ ਕੇ ਉਸਦੇ ਪਿਤਾ ਦੇ ਸਾਹਮਣੇ ਉਸਨੂੰ ਡਾਂਟਿਆ। ਸੂਰਜ ਸ਼ਰਮਿੰਦਾ ਹੋਇਆ ਅਤੇ ਰੋਣ ਲੱਗ ਪਿਆ, ਪਰ ਉਸਨੇ ਆਪਣੀ ਸਫਾਈ ਵਿੱਚ ਕੁਝ ਨਹੀਂ ਬੋਲਿਆ। ਕੁਝ ਸਮੇਂ ਬਾਅਦ ਉਹ ਵਿਅਕਤੀ ਚਲਾ ਗਿਆ ਅਤੇ ਮੈਂ ਵਾਪਸ ਜਮਾਤ ਵਿੱਚ ਆ ਗਿਆ।ਅਗਲੇ ਕੁਝ ਦਿਨਾਂ ਤੱਕ ਮੈਂ ਸੂਰਜ ’ਤੇ ਵਿਸ਼ੇਸ਼ ਧਿਆਨ ਦਿੱਤਾ। ਪਰ ਮੈਨੂੰ ਹੈਰਾਨੀ ਹੋਈ ਕਿ ਜਮਾਤ ਵਿੱਚ ਉਹ ਕਦੇ ਕੋਈ ਸ਼ਰਾਰਤ ਨਹੀਂ ਕਰਦਾ ਸੀ। ਉਸਦਾ ਕੰਮ ਹਮੇਸ਼ਾ ਪੂਰਾ ਹੁੰਦਾ ਸੀ। ਫਿਰ ਵੀ ਉਸਦਾ ਪਿਤਾ ਵਾਰ-ਵਾਰ ਉਸ ਦੀ ਸ਼ਿਕਾਇਤ ਲੈ ਕੇ ਆ ਜਾਂਦਾ ਸੀ। ਮੈਂ ਸੋਚਦਾ ਸੀ ਕਿ ਜੋ ਬੱਚਾ ਸਕੂਲ ਵਿੱਚ ਬਹੁਤ ਅਨੁਸਾਸ਼ਨ ਵਿੱਚ ਰਹਿੰਦਾ ਹੈ, ਸਕੂਲ ਵਿੱਚ ਕਦੇ ਉਸਦੀ ਕੋਈ ਸ਼ਿਕਾਇਤ ਨਹੀਂ ਆਈ, ਉਹ ਘਰ ਵਿੱਚ ਇਸ ਤਰਾਂ ਦਾ ਵਿਵਹਾਰ ਕਿਵੇਂ ਕਰ ਸਕਦਾ ਹੈ?

ਫਿਰ ਕੁਝ ਦਿਨ ਬਾਅਦ ਸੂਰਜ ਦੀ ਮਾਂ ਸਕੂਲ ਆਈ। ਮੈਂ ਹੌਲੀ ਜਿਹੇ ਪੁੱਛਿਆ, “ਸੂਰਜ ਹੁਣ ਘਰ ਵਿੱਚ ਕੋਈ ਸ਼ਰਾਰਤ ਤਾਂ ਨਹੀਂ ਕਰਦਾ?” ਮਾਂ ਨੇ ਤੁਰੰਤ ਕਿਹਾ, “ਸੂਰਜ ਤਾਂ ਕਦੇ ਵੀ ਸ਼ਰਾਰਤ ਨਹੀਂ ਕਰਦਾ, ਉਹ ਤਾਂ ਮੇਰਾ ਬਹੁਤ ਹੀ ਸਿਆਣਾ ਪੁੱਤ ਹੈ।” ਇਹ ਸੁਣ ਕੇ ਮੈਂ ਹੈਰਾਨ ਰਹਿ ਗਿਆ। ਫਿਰ ਮੈਂ ਉਸਨੂੰ ਉਸਦੇ ਪਤੀ ਵੱਲੋਂ ਕੀਤੀਆਂ ਸ਼ਿਕਾਇਤਾਂ ਬਾਰੇ ਦੱਸਿਆ। ਇਹ ਸੁਣ ਕੇ ਉਸਦੀ ਮਾਂ ਦੀਆਂ ਅੱਖਾਂ ਭਰ ਆਈਆਂ। ਉਸਨੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ,ਸਰ ਜੀ “ਇਹ ਸੂਰਜ ਦਾ ਅਸਲੀ ਪਿਤਾ ਨਹੀਂ ਹੈ... ਮੇਰਾ ਦੂਜਾ ਵਿਆਹ ਹੋਇਆ ਹੈ। ਇਸ ਲਈ ਉਹ ਸੂਰਜ ਨੂੰ ਬਿਲਕੁਲ ਪਸੰਦ ਨਹੀਂ ਕਰਦਾ, ਉਸ ਨਾਲ ਨਫ਼ਰਤ ਕਰਦਾ ਹੈ ਅਤੇ ਮਾਰਦਾ-ਕੁੱਟਦਾ ਵੀ ਹੈ।”

ਇਹ ਸੁਣ ਕੇ ਮੈਨੂੰ ਬਹੁਤ ਦੁੱਖ ਹੋਇਆ। ਮੈਨੂੰ ਪਤਾ ਲੱਗ ਗਿਆ ਕਿ ਦੋਸ਼ੀ ਸੂਰਜ ਨਹੀਂ, ਸਗੋਂ ਉਸਦੇ ਘਰ ਦਾ ਮਹੌਲ ਹੈ ਜੋ ਉਸਨੂੰ ਦੋਸ਼ੀ ਠਹਿਰਾ ਰਿਹਾ ਹੈ।ਉਸ ਤੋਂ ਬਾਅਦ ਮੈਂ ਸੂਰਜ ਬਾਰੇ ਉਸਦੇ ਪਿਤਾ ਦੀ ਕੋਈ ਗੱਲ ਨਾ ਸੁਣੀ ਅਤੇ ਨਾ ਹੀ ਮੰਨੀ। ਮੈਂ ਉਸ ਬੱਚੇ ਦਾ ਹੋਰ ਵੀ ਜ਼ਿਆਦਾ ਧਿਆਨ ਰੱਖਣ ਲੱਗ ਪਿਆ, ਤਾਂ ਜੋ ਉਸਦੇ ਮਨ ਵਿੱਚ ਪਿਆਰ ਅਤੇ ਸੁਰੱਖਿਆ ਦੀ ਕਮੀ ਨਾ ਰਹੇ।

ਸਾਲ ਬੀਤ ਗਿਆ ਅਤੇ ਸੂਰਜ ਪੰਜਵੀਂ ਜਮਾਤ ਪਾਸ ਕਰ ਗਿਆ। ਫਿਰ ਇਕ ਦਿਨ ਪਤਾ ਲੱਗਿਆ ਕਿ ਸੂਰਜ ਦਾ ਪਰਿਵਾਰ ਪਿੰਡ ਛੱਡ ਕੇ ਕਿਤੇ ਹੋਰ ਚਲਾ ਗਿਆ। ਉਸ ਤੋਂ ਬਾਅਦ ਉਸ ਬੱਚੇ ਬਾਰੇ ਕੁਝ ਪਤਾ ਨਹੀਂ ਲੱਗਿਆ।

ਅੱਜ ਵੀ ਜਦੋਂ ਮੈਂ ਕਦੇ ਉਸ ਬੱਚੇ ਬਾਰੇ ਸੋਚਦਾ ਹਾਂ ਤਾਂ ਉਹ ਮਾਸੂਮ ਚਿਹਰਾ ਮੇਰੇ ਸਾਹਮਣੇ ਆ ਖੜ੍ਹਦਾ ਹੈ—ਉਸਦਾ ਮਾਸੂਮ ਜਿਹਾ ਚਿਹਰਾ ਪਰ ਪਿੱਛੇ ਛੁਪਿਆ ਦਰਦ... ਇੱਕ ਐਸਾ ਦਰਦ ਜਿਸਦਾ ਇਲਾਜ ਕੋਈ ਦਵਾਈ ਨਹੀਂ, ਸਗੋਂ ਪਿਆਰ ਹੈ। ਪਤਾ ਨਹੀਂ ਅੱਜ ਉਹ ਕਿੱਥੇ ਹੈ?ਕਿਸ ਹਾਲਾਤ ਵਿੱਚ ਹੈ? ਪਰ ਮੇਰੇ ਦਿਲ ਨੂੰ ਇਹ ਡਰ ਸਦਾ ਸਤਾਉਂਦਾ ਹੈ ਕਿ ਕਿਤੇ ਉਸਦੇ ਅੰਦਰ ਦੀ ਚਮਕ, ਉਸਦੇ ਮਾਸੂਮ ਸੁਪਨੇ, ਦੁਨੀਆ ਦੀ ਬੇਰੁਖ਼ੀ ਦੇ ਹਨੇਰੇ ਵਿੱਚ ਹਮੇਸ਼ਾ ਲਈ ਕਿਧਰੇ ਗੁੰਮ ਨਾ ਹੋ ਗਏ ਹੋਣ।

ਅਧਿਆਪਕ ਸਾਥੀਓ, ਸੂਰਜ ਦੀ ਕਹਾਣੀ ਸਿਰਫ਼ ਇੱਕ ਬੱਚੇ ਦੀ ਨਹੀਂ,ਸਗੋਂ ਬਹੁਤ ਸਾਰੇ ਬੱਚਿਆਂ ਦੀ ਹੈ। ਕਈ ਵਾਰ ਬੱਚੇ ਦੀਆਂ ਸ਼ਰਾਰਤਾਂ, ਆਲਸ ਜਾਂ ਗੁੱਸੇ ਦੇ ਪਿੱਛੇ ਕੋਈ ਦਰਦ ਲੁਕਿਆ ਹੁੰਦਾ ਹੈ, ਜਿਸਦਾ ਉਹ ਖ਼ੁਦ ਵੀ ਇਜ਼ਹਾਰ ਨਹੀਂ ਕਰ ਸਕਦਾ। ਉਹ ਦਰਦ ਘਰ ਦੀ ਤਕਲੀਫ਼, ਮਾਪਿਆਂ ਦੀ ਅਣਬਣ, ਜਾਂ ਪਿਆਰ ਦੀ ਕਮੀ ਹੋ ਸਕਦਾ ਹੈ।

ਅਸੀਂ ਅਧਿਆਪਕ ਸਿਰਫ਼ ਗਿਆਨ ਦੇਣ ਵਾਲੇ ਨਹੀਂ, ਸਗੋਂ ਉਹ ਹਾਂ ਜੋ ਬੱਚੇ ਨੂੰ ਮਾਨਸਿਕ ਤੌਰ ਤੇ ਵੀ ਸੰਭਾਲ ਸਕਦੇ ਹਾਂ, ਜੇ ਅਸੀਂ ਕੇਵਲ ਸ਼ਿਕਾਇਤਾਂ ’ਤੇ ਭਰੋਸਾ ਕਰਕੇ ਫ਼ੈਸਲਾ ਕਰੀਏ, ਤਾਂ ਕਈ ਸੂਰਜ ਆਪਣੀ ਚਮਕ ਗਵਾ ਬੈਠਣਗੇ।

ਸਾਨੂੰ ਹਰੇਕ ਬੱਚੇ ਦੀਆਂ ਅੱਖਾਂ ਵਿੱਚ ਝਾਕਣਾ ਚਾਹੀਦਾ ਹੈ, ਉਨ੍ਹਾਂ ਦੇ ਹਾਲਾਤ ਜਾਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਡਾ ਇੱਕ ਪਿਆਰ ਭਰਿਆ ਸ਼ਬਦ, ਇੱਕ ਹੌਸਲੇ ਭਰੀ ਜੱਫੀ, ਉਸ ਬੱਚੇ ਦੀ ਜ਼ਿੰਦਗੀ ਦਾ ਰੁਖ ਬਦਲ ਸਕਦੀ ਹੈ।

ਕਿਤਾਬਾਂ ਦੇ ਪਾਠ ਤਾਂ ਕਦੇ ਨਾ ਕਦੇ ਭੁੱਲੇ ਜਾਂਦੇ ਹਨ, ਪਰ ਅਧਿਆਪਕ ਦੇ ਦਿੱਤੇ ਪਿਆਰ, ਆਸ ਅਤੇ ਵਿਸ਼ਵਾਸ ਦੇ ਪਾਠ ਜ਼ਿੰਦਗੀ ਭਰ ਬੱਚੇ ਨੂੰ ਯਾਦ ਰਹਿੰਦੇ ਹਨ। ਆਓ, ਅਸੀਂ ਉਹ ਕਾਰਨ ਬਣੀਏ ਕਿ ਕੋਈ ਹੋਰ “ਸੂਰਜ” ਆਪਣੀ ਰੌਸ਼ਨੀ ਕਦੇ ਨਾ ਗੁਆਏ ਸਗੋਂ ਹਮੇਸ਼ਾ ਚਮਕਦਾ ਰਹੇ।



ਲੇਖਕ:
ਸ਼੍ਰੀ ਆਸ਼ੀਸ਼ ਕੁਮਾਰ
ਈ.ਟੀ.ਟੀ. ਅਧਿਆਪਕ ਕਮ
ਬਲਾਕ ਰਿਸੋਰਸ ਕੋਆਰਡੀਨੇਟਰ
ਬਲਾਕ ਜੈਤੋ (ਫ਼ਰੀਦਕੋਟ )
ਮੋ. 9569391839

ਦਰਸ਼ਨ ਬੇਕਰੀ

ਮੇਨ ਰੋਡ ਫਤਿਆਬਾਦ, (ਤਰਨ ਤਾਰਨ)

ਇਥੋਂ ਕੇਕ,ਪੇਸਟੀਆਂ,ਹਰ ਤਰਾਂ ਦੇ ਬਿਸਕੁੱਟ,ਸੂਜੀ ਰਸ ,ਪੈਟੀਆਂ,ਕਰੀਮ ਰੋਲ ਹਰ ਸਮੇਂ ਤਿਆਰ ਲਵੋ ।



ਕੁਲਜੀਤ ਸਿੰਘ ਲਾਡੀ

ਸੰਪਰਕ : 98721-51544, 98559-21544

## ਜਰੂਰੀ ਸੂਚਨਾ

ਲੇਖ ਅਤੇ ਕਵਿਤਾਵਾਂ ਵਿਚਲੇ ਵਿਚਾਰ ਲੇਖਕ ਜਾਂ ਕਵੀ ਦੇ ਨਿੱਜੀ ਵਿਚਾਰ ਹਨ ਜਿਸ ਨਾਲ ਅਦਾਰਾ ਫਤਿਹ ਟਾਈਮਜ਼ ਦੇ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ।

# ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਸ਼ਤਾਬਦੀ ਸਬੰਧੀ ਨਗਰ ਕੀਰਤਨ ਆਸਾਮ ਤੋਂ 21 ਅਗਸਤ ਨੂੰ ਹੋਵੇਗਾ ਆਰੰਭ



ਅੰਮ੍ਰਿਤਸਰ, 12 ਅਗਸਤ (ਫ.ਟ.ਬ) ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਸਮਾਗਮਾਂ ਦੀ ਤਫ਼ਸੀਲ ਜਾਰੀ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਗੁਰੂ ਸਾਹਿਬ ਦੀ ਚਰਨਛੋਹ ਪ੍ਰਾਪਤ ਪਾਵਨ ਅਸਥਾਨ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਵਿਸ਼ਾਲ ਕੌਮੀ ਨਗਰ ਕੀਰਤਨ 21 ਅਗਸਤ ਨੂੰ ਆਰੰਭ ਹੋਵੇਗਾ। ਅੱਜ ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਸ਼ਹੀਦੀ ਨਗਰ ਕੀਰਤਨ "ਧਰਮ ਹੇਤ ਸਾਕਾ ਜਿਨਿ ਕੀਆ" ਦੇ ਸਿਰਲੇਖ ਹੇਠ ਭਾਰਤ ਦੇ 20 ਸੂਬਿਆਂ ਵਿਚ ਦੀ ਹੁੰਦਾ ਹੋਇਆ 23 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੰਨ ਹੋਵੇਗਾ। ਉਨ੍ਹਾਂ ਕਿਹਾ ਕਿ 350 ਸਾਲਾ ਸ਼ਹੀਦੀ ਸ਼ਤਾਬਦੀ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਖ਼ਾਲਸਾਈ ਪ੍ਰੰਪਰਾਵਾਂ ਅਨੁਸਾਰ ਮਨਾਈ ਜਾ ਰਹੀ ਹੈ। ਇਸ ਸਬੰਧ ਵਿਚ ਜਿਥੇ ਦੇਸ਼ ਭਰ ਅੰਦਰ ਵੱਡੇ ਸ਼ਹਿਰਾਂ ਵਿਚ ਗੁਰਮਤਿ ਸਮਾਗਮ ਕੀਤੇ ਜਾਣਗੇ, ਉਥੇ ਹੀ ਵਿਸ਼ੇਸ਼ ਤੌਰ 'ਤੇ ਸ਼ਹੀਦੀ ਨਗਰ ਕੀਰਤਨ ਵੀ ਸਜਾਏ ਜਾ ਰਹੇ ਹਨ। ਇਸ ਤਹਿਤ ਪਹਿਲਾ ਨਗਰ ਕੀਰਤਨ 21 ਅਗਸਤ ਨੂੰ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਵੇਗਾ। ਪਹਿਲੇ 10 ਦਿਨ ਦੇ ਵੇਰਵੇ ਸਾਂਝੇ ਕਰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਇਹ ਨਗਰ ਕੀਰਤਨ 21 ਅਗਸਤ ਨੂੰ ਗੁਰਦੁਆਰਾ ਧੋਬੜੀ ਸਾਹਿਬ ਤੋਂ ਚੱਲ ਕੇ ਗੁਰਦੁਆਰਾ ਸਿੰਘ ਸਭਾ ਸਿਲੀਗੁੜੀ ਪਹੁੰਚੇਗਾ। 22 ਅਗਸਤ ਨੂੰ ਸਿਲੀਗੁੜੀ ਤੋਂ ਮਾਲਦਾ, 23 ਅਗਸਤ ਨੂੰ ਮਾਲਦਾ ਤੋਂ ਕਲਕੱਤਾ ਪੁੱਜੇਗਾ। ਕਲਕੱਤਾ ਵਿਖੇ ਦੋ ਦਿਨ ਵੱਖ-ਵੱਖ ਇਲਾਕਿਆਂ ਵਿਚ ਨਗਰ ਕੀਰਤਨ ਸਜਾਇਆ ਜਾਵੇਗਾ, ਜਿਥੋਂ 25 ਅਗਸਤ ਨੂੰ ਗੁਰਦੁਆਰਾ ਗੁਰੂ ਨਾਨਕ ਆਸਨਸੋਲ ਬੰਗਾਲ ਪਹੁੰਚੇਗਾ। 26 ਅਗਸਤ ਨੂੰ ਆਸਨਸੋਲ ਤੋਂ ਚੱਲ ਕੇ ਜਮਸ਼ੇਦਪੁਰ ਟਾਟਾ ਨਗਰ, 27 ਨੂੰ ਜਮਸ਼ੇਦਪੁਰ ਤੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਂਚੀ ਝਾਰਖੰਡ, 28 ਅਗਸਤ ਨੂੰ ਰਾਂਚੀ ਤੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਿਹਾਰ ਵਿਖੇ ਪੁੱਜੇਗਾ। 29 ਅਗਸਤ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਸਾਸਾਰਾਮ, 30 ਅਗਸਤ ਨੂੰ ਸਾਸਾਰਾਮ ਤੋਂ ਬਨਾਰਸ ਯੂਪੀ ਅਤੇ 31 ਅਗਸਤ ਬਨਾਰਸ ਤੋਂ ਅਗਲੇ ਪੜਾਅ ਲਈ ਰਵਾਨਾ ਹੋਵੇਗਾ। ਇਸੇ ਤਰ੍ਹਾਂ ਇਹ ਨਗਰ ਕੀਰਤਨ ਕਰੀਬ ਤਿੰਨ ਮਹੀਨੇ ਪੜਾਅ-ਦਰ-ਪੜਾਅ ਚੱਲਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚੇਗਾ।

ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਦੂਜਾ ਨਗਰ ਕੀਰਤਨ ਗੁਰਦੁਆਰਾ ਸ੍ਰੀ ਮਟਨ ਸਾਹਿਬ ਜੰਮੂ ਕਸ਼ਮੀਰ ਤੋਂ 5 ਅਕਤੂਬਰ ਨੂੰ ਸਜਾਇਆ ਜਾਵੇਗਾ, ਜੋ ਵੱਖ-ਵੱਖ ਅਸਥਾਨਾਂ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੂਰਨ ਹੋਵੇਗਾ। ਤੀਜਾ ਨਗਰ ਕੀਰਤਨ 25 ਨਵੰਬਰ ਨੂੰ ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ ਤੋਂ ਆਰੰਭ ਹੋਵੇਗਾ, ਜੋ 29 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੰਨ ਹੋਵੇਗਾ।

ਉਨ੍ਹਾਂ ਹੋਰ ਸਮਾਗਮਾਂ ਸਬੰਧੀ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦਿਵਸ ਮੌਕੇ 23 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਮਤਿ ਸਮਾਗਮ ਹੋਣਗੇ। ਇਸ ਤੋਂ ਇਲਾਵਾ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਸ਼ਤਾਬਦੀ ਨੂੰ ਸਬੰਧੀ 24 ਨਵੰਬਰ ਨੂੰ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਦਾ ਗੁਰਮਤਿ ਸਮਾਗਮ ਹੋਵੇਗਾ ਅਤੇ 25 ਨਵੰਬਰ ਨੂੰ ਸ਼ਹੀਦੀ ਸ਼ਤਾਬਦੀ ਦਾ ਮੁੱਖ ਸਮਾਗਮ ਗੁਰਦੁਆਰਾ ਸੀਸਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤਾ ਜਾਵੇਗਾ। 26 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਲੱਖੀ ਸ਼ਾਹ ਵਣਜਾਰਾ ਦੀ ਯਾਦ ਵਿਚ ਮਹਾਨ ਗੁਰਮਤਿ ਸਮਾਗਮ ਹੋਵੇਗਾ। 27 ਨਵੰਬਰ ਨੂੰ ਸ਼ਤਾਬਦੀ ਨੂੰ ਸਮਰਪਿਤ ਇਕ ਵੱਡਾ ਕਵੀ ਦਰਬਾਰ ਕਰਵਾਇਆ ਜਾਵੇਗਾ ਅਤੇ 28 ਨਵੰਬਰ ਨੂੰ ਵੀ ਗੁਰਮਤਿ ਸਮਾਗਮ ਜਾਰੀ ਰਹਿਣਗੇ। ਉਨ੍ਹਾਂ ਦੱਸਿਆ ਕਿ 29 ਨਵੰਬਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਸਸਕਾਰ ਦੇ ਰੂਪ ਵਿਚ ਵੱਡਾ ਗੁਰਮਤਿ ਸਮਾਗਮ ਹੋਵੇਗਾ। ਇਸ ਤੋਂ ਇਲਾਵਾ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਵੀ ਵੱਡੇ ਗੁਰਮਤਿ ਸਮਾਗਮ ਸਜਾਏ ਜਾਣਗੇ, ਜਿਸ ਤਹਿਤ 14 ਸਤੰਬਰ ਨੂੰ ਕਲਕੱਤਾ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਰੇ ਸ਼ਤਾਬਦੀ ਸਮਾਗਮਾਂ ਲਈ ਦੇਸ਼ ਦੀਆਂ ਵੱਖ-ਵੱਖ ਸ਼ਖ਼ਸੀਅਤਾਂ ਨੂੰ ਸੱਦਾ ਦਿੱਤਾ ਜਾਵੇਗਾ ਅਤੇ ਵੱਖ-ਵੱਖ ਧਰਮਾਂ ਦੇ ਆਗੂ ਵੀ ਬੁਲਾਏ ਜਾਣਗੇ।

ਦਿੱਲੀ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਵੱਲੋਂ ਸ਼੍ਰੋਮਣੀ ਕਮੇਟੀ ਅਗਵਾਈ ਵਿਚ ਦਿੱਲੀ ਵਿਖੇ ਸ਼ਹੀਦੀ ਸ਼ਤਾਬਦੀ ਦੇ ਸਮਾਗਮ ਕਰਨ ਲਈ ਕੀਤੀ ਪੇਸ਼ਕਸ਼ ਦੇ ਸਬੰਧ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸ. ਕਾਲਕਾ ਨੂੰ ਸਵਾਲ ਕੀਤਾ ਕਿ ਉਨ੍ਹਾਂ ਦੀ ਇਹ ਪੇਸ਼ਕਸ਼ ਕੇਵਲ ਇਕ ਚਿੱਠੀ ਤੱਕ ਹੀ ਸੀਮਤ ਸੀ, ਜਦਕਿ ਉਹ ਆਪਣੇ ਤੌਰ 'ਤੇ ਸਮਾਗਮ ਉਲੀਕ ਕੇ ਵੱਖ-ਵੱਖ ਜਥੇਬੰਦੀਆਂ ਨਾਲ ਮੀਟਿੰਗਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਪ੍ਰਧਾਨ ਨੂੰ ਕਾਹਲੀ ਵਿਚ ਆਪਣੇ ਪ੍ਰੋਗਰਾਮ ਐਲਾਨ ਨਹੀਂ ਕਰਨੇ ਚਾਹੀਦੇ, ਸਗੋਂ ਸ਼੍ਰੋਮਣੀ ਕਮੇਟੀ ਨਾਲ ਮਿਲ ਬੈਠਣਾ ਚਾਹੀਦਾ ਸੀ।

ਇਕ ਸਵਾਲ ਦੇ ਜਵਾਬ ਵਿਚ ਐਡਵੋਕੇਟ ਧਾਮੀ ਨੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਖੋਹਣ ਦੇ ਬਿਆਨ ਦੀ ਕਰੜੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਸਿੱਖ ਸੰਸਥਾ ਦੇ ਮਾਣ-ਮਰਯਾਦਾ ਅਤੇ ਇਹਿਤਾਸ ਨੂੰ ਖੰਡਤ ਕਰਨ ਵਾਲੀ ਗੱਲ ਹੈ। ਸ਼੍ਰੋਮਣੀ ਕਮੇਟੀ ਕੌਮ ਦੀ ਉਹ ਸੰਸਥਾ ਹੈ, ਜਿਸ ਲਈ ਸੰਗਤ ਵੱਲੋਂ ਦਿੱਤੀ ਅਗਵਾਈ ਨਾਲ ਹੀ ਸੇਵਾ ਨਿਭਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਨੂੰ ਹਥਿਆਉਣ ਦੀਆਂ ਗੱਲਾਂ ਉਸ ਦੀ ਮਨਸ਼ਾ ਨੂੰ ਸਿੱਧ ਕਰਦੀਆਂ ਹਨ ਕਿ ਉਹ ਕਿਸੇ ਦੇ ਚਲਾਏ ਚਲ ਰਹੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਸੰਵਿਧਾਨਕ ਤੌਰ 'ਤੇ ਚੋਣਾਂ ਜਿੱਤ ਕੇ ਕੋਈ ਵੀ ਇਸ ਸੰਸਥਾ ਦੀ ਸੇਵਾ ਕਰ ਸਕਦਾ ਹੈ, ਪਰ ਗ਼ੈਰ ਇਖ਼ਲਾਕੀ ਗੱਲਾਂ ਠੀਕ ਨਹੀਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਥ ਦੀ ਵਾਹਦ ਉਹ ਜਮਾਤ ਹੈ, ਜੋ ਕੇਵਲ ਇਕ ਹੀ ਹੈ ਅਤੇ ਇਹ ਜਿਸ ਪਾਸ ਨਿਸ਼ਾਨ ਹੈ, ਉਹ ਹੀ ਇਸ ਦਾ ਅਸਲ ਵਾਰਸ ਹੈ। ਉਨ੍ਹਾਂ ਕਿਹਾ ਕਿ ਇਸ ਪੰਥ ਦੀ ਜਮਾਤ ਨੂੰ ਠਾਹ ਲਗਾਉਣ ਦੇ ਰਾਹ ਨਹੀਂ ਚੱਲਣਾ ਚਾਹੀਦਾ, ਸਗੋਂ ਇਕਜੁਟਤਾ ਵੱਲ ਵਧਣਾ ਚਾਹੀਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਅੱਜ ਕੌਮ ਨੂੰ ਬਹੁਤ ਚੁਣੌਤੀਆਂ ਹਨ, ਜਿਸ ਪ੍ਰਤੀ ਸੰਜੀਦਾ ਹੋਣਾ ਚਾਹੀਦਾ ਹੈ ਅਤੇ ਕੌਮ ਦੀਆਂ ਜਥੇਬੰਦੀਆਂ ਅਤੇ ਸੰਸਥਾਵਾਂ ਨੂੰ ਹਥਿਆਉਣ ਵਰਗੇ ਬਿਆਨ ਦੇ ਕੇ ਕੌਮ ਅੰਦਰ ਦੁਬਿਧਾ ਪੈਦਾ ਨਹੀਂ ਕਰਨੀ ਚਾਹੀਦੀ।

ਇਸ ਮੌਕੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਨੌਵੇਂ ਪਾਤਸ਼ਾਹ ਜੀ ਦਾ ਜੀਵਨ ਅਤੇ ਉਨ੍ਹਾਂ ਦੀ ਦੇਣ ਸਬੰਧੀ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਕਿਤਾਬਚੇ ਵੀ ਜਾਰੀ ਕੀਤੇ ਗਏ। ਐਡਵੋਕੇਟ ਧਾਮੀ ਨੇ ਇਹ ਵੀ ਕਿਹਾ ਕਿ ਇਹ ਹੋਰਨਾਂ ਭਾਸ਼ਾਵਾਂ ਵਿਚ ਵੀ ਉਲਥਾ ਕੇ ਛਾਪੇ ਜਾਣਗੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਸ. ਬਲਦੇਵ ਸਿੰਘ ਕਾਇਮਪੁਰ, ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਬਿਜੈ ਸਿੰਘ, ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਇੰਚਾਰਜ ਸ. ਬਲਦੇਵ ਸਿੰਘ, ਸਹਾਇਕ ਸੁਪ੍ਰਿੰਟੈਂਡੈਂਟ ਸ. ਸੁਰਜੀਤ ਸਿੰਘ ਰਾਣਾ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਭਾਈ ਬਲਦੇਵ ਸਿੰਘ ਓਗਰਾ ਆਦਿ ਹਾਜ਼ਰ ਸਨ।

## ਪਠਾਨਕੋਟ ਡਲਹੌਜੀ ਮਾਰਗ ਨਜ਼ਦੀਕ ਦੁਨੇਰਾ ਬਾਰਿਸ਼ ਕਰਕੇ ਪ੍ਰਭਾਵਿਤ ਹੋਣ ਤੋਂ ਬਾਅਦ ਵੱਡੀਆਂ ਗੱਡੀਆਂ ਦਾ ਇਸ ਮਾਰਗ ਤੋਂ ਗੁਜਰਨ ਤੇ ਲਗਾਈ ਪਾਬੰਦੀ

**ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੈਦਲ ਲੋਕਾਂ, ਦੋ ਪਹੀਆ ਵਾਹਨ, ਅਤੇ ਛੋਟੀ ਗੱਡੀਆਂ ਦੇ ਗੁਜਰਨ ਲਈ ਕੀਤੀ ਵਿਵਸਥਾ**



ਪਠਾਨਕੋਟ 12 ਅਗਸਤ (ਪਵਨ ਸ਼ਰਮਾਂ) ਬੀਤੇ ਦਿਨੀ ਜ਼ਿਲਾ ਪਠਾਨਕੋਟ ਅੰਦਰ ਹੋ ਰਹੀ ਤੇਜ਼ ਬਾਰਿਸ਼ ਦੇ ਚਲਦਿਆਂ ਪਠਾਣਕੋਟ ਡਲਹੋਜੀ ਰੋਡ ਨਜ਼ਦੀਕ ਦੁਨੇਰਾ ਪ੍ਰਭਾਵਿਤ ਹੋਇਆ ਹੈ ਜਿਸ ਨੂੰ ਦੇਖਦੇ ਹੋਏ ਜਿਲ੍ਹਾ ਪ੍ਰਸ਼ਾਸਨ ਪਠਾਨਕੋਟ ਵੱਲੋਂ ਵੱਡੇ ਵਾਹਨਾਂ ਦੇ ਲਈ ਇਸ ਮਾਰਗ ਨੂੰ ਅਗਲੇ ਹੁਕਮਾਂ ਤੱਕ ਬੰਦ ਕੀਤਾ ਗਿਆ ਹੈ ਙ ਇਹ ਜਾਣਕਾਰੀ ਸ੍ਰੀ ਹਰਦੀਪ ਸਿੰਘ ਵਧੀਕ ਡਿਪਟੀ ਕਮਿਸ਼ਨਰ( ਜ) ਵੱਲੋਂ ਦਿੱਤੀ ਗਈ।

ਉਹਨਾਂ ਕਿਹਾ ਕਿ ਪਠਾਨਕੋਟ ਡਲਹੋਜੀ ਰੋਡ ਨਜ਼ਦੀਕ ਦੁਨੇਰਾ ਤੇਜ਼ ਬਾਰਿਸ਼ ਦੇ ਕਾਰਨ ਧਸ ਜਾਣ ਕਰਕੇ ਆਵਾਜਾਈ ਪਿਛਲੀ ਰਾਤ ਤੋਂ ਬੰਦ ਕਰ ਦਿੱਤੀ ਗਈ ਸੀ। ਉਹਨਾਂ ਦੱਸਿਆ ਕਿ ਲੋਕ ਨਿਰਮਾਣ ਵਿਭਾਗ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜਾਂ ਨੂੰ ਲੈ ਕੇ ਪੈਦਲ ਚੱਲਣ ਵਾਲੀ ਪਬਲਿਕ ਦੋ ਪਈਆ ਵਾਹਣ ਅਤੇ ਛੋਟੀਆਂ ਗੱਡੀਆਂ ਦੇ ਲਈ ਇਸ ਮਾਰਗ ਨੂੰ ਠੀਕ ਕਰ ਦਿੱਤਾ ਗਿਆ ਹੈ ਪਰ ਇਸ ਮਾਰਗ ਤੇ ਵੱਡੀਆਂ ਗੱਡੀਆਂ ਦੇ ਗੁਜਰਨ ਤੇ ਪਾਬੰਦੀ ਲਗਾਈ ਗਈ ਹੈ। ਉਹਨਾਂ ਦੱਸਿਆ ਕਿ ਜਨਤਾ ਦੀ ਸੁਰੱਖਿਆ ਨੂੰ ਮੱਦੇ ਨਜ਼ਰ ਰੱਖਦੇ ਹੋਏ ਪ੍ਰਭਾਵਿਤ ਮਾਰਗ ਦੇ ਦੋਨੋਂ ਸਾਈਡ ਤੇ ਪੁਲਿਸ ਪੋਸਟਾਂ ਬਣਾਈਆਂ ਗਈਆਂ ਹਨ ਤਾਂ ਜੋ ਕਿਸੇ ਕਿਸਮ ਦਾ ਜਾਨੀ ਜਾਂ ਮਾਲੀ ਨੁਕਸਾਨ ਨਾ ਹੋ ਸਕੇ।

ਅਦਾਰਾ ਫਤਿਹ ਟਾਈਮਜ਼ ਦੀ ਚੌਥੀ ਵਰ੍ਹੇਗੰਢ ਮੌਕੇ ਵਿਸ਼ੇਸ਼ ਸਪਲੀਮੈਂਟ

ਅਦਾਰਾ ਫਤਿਹ ਟਾਈਮਜ਼ ਦੀ ਚੌਥੀ ਵਰ੍ਹੇਗੰਢ ਮੌਕੇ ਵਿਸ਼ੇਸ਼ ਸਪਲੀਮੈਂਟ ਦੇ ਇਸ਼ਤਿਹਾਰ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ ਇਸ਼ਤਿਹਾਰ ਦੇਣ ਲਈ ਹੇਠ ਦਿੱਤੇ ਨੰਬਰ ਤੇ ਸੰਪਰਕ ਕਰੋ।

ਮੋ:99885-37575

## 'ਆਪ' ਸਰਕਾਰ ਖਾਨਾਪੂਰਤੀ ਨਾ ਕਰੇ, ਕੈਬਨਿਟ 'ਚ ਮਤੇ ਤੇ ਗਜ਼ਟ ਨੋਟੀਫਿਕੇਸ਼ਨ ਨਾਲ ਪੱਕੇ ਤੌਰ 'ਤੇ ਰੱਦ ਕਰੇ ਲੈਂਡ ਪੂਲਿੰਗ ਪਾਲਿਸੀ - ਬ੍ਰਹਮਪੁਰਾ



ਤਰਨ ਤਾਰਨ 12 ਅਗਸਤ (ਐਸ ਐਸ ਸੰਧਾ) ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਹਲਕਾ ਖਡੂਰ ਸਾਹਿਬ ਦੇ ਇੰਚਾਰਜ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਇੱਥੇ ਇਤਿਹਾਸਕ ਨਗਰ ਚੋਹਲਾ ਸਾਹਿਬ ਵਿਖੇ ਪਾਰਟੀ ਵਰਕਰਾਂ ਨਾਲ ਮੀਟਿੰਗ ਕਰਦਿਆਂ ਪੰਜਾਬ ਦੀ 'ਆਪ' ਸਰਕਾਰ 'ਤੇ ਤਿੱਖਾ ਸਿਆਸੀ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਲੈਂਡ ਪੂਲਿੰਗ ਪਾਲਿਸੀ ਨੂੰ ਵਾਪਸ ਲੈਣ ਦੇ ਮਾਮਲੇ ਵਿੱਚ ਸਿਰਫ਼ ਖ਼ਾਨਾਪੂਰਤੀ ਕਰਕੇ ਪੰਜਾਬ ਦੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਦਕਿ ਸ਼੍ਰੋਮਣੀ ਅਕਾਲੀ ਦਲ ਇਸ ਕਿਸਾਨ-ਮਾਰੂ ਕਾਨੂੰਨ ਦੀ ਪੂਰਨ ਕਾਨੂੰਨੀ ਸਮਾਪਤੀ ਤੱਕ ਆਪਣਾ ਸੰਘਰਸ਼ ਜਾਰੀ ਰੱਖੇਗਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰ. ਬ੍ਰਹਮਪੁਰਾ ਨੇ ਕਿਹਾ ਕਿ ਕਿਸੇ ਵੀ ਨੀਤੀ ਨੂੰ ਕਾਨੂੰਨੀ ਤੌਰ 'ਤੇ ਖ਼ਤਮ ਕਰਨ ਲਈ ਇੱਕ ਪੂਰੀ ਪ੍ਰਕਿਰਿਆ ਹੁੰਦੀ ਹੈ, ਜਿਸ ਤੋਂ 'ਆਪ' ਸਰਕਾਰ ਭੱਜ ਰਹੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ, "ਸਾਡੀ ਮੰਗ ਹੈ ਕਿ ਇਸ ਨੀਤੀ ਨੂੰ ਰੱਦ ਕਰਨ ਦਾ ਫ਼ੈਸਲਾ ਰਸਮੀ ਤੌਰ 'ਤੇ ਪੰਜਾਬ ਕੈਬਨਿਟ ਦੀ ਮੀਟਿੰਗ ਵਿੱਚ ਲਿਆ ਜਾਵੇ ਅਤੇ ਫ਼ਿਰ ਇਸਨੂੰ ਰੱਦ ਕਰਨ ਦਾ ਸਰਕਾਰੀ ਨੋਟੀਫਿਕੇਸ਼ਨ ਪੰਜਾਬ ਗਜ਼ਟ ਵਿੱਚ ਪ੍ਰਕਾਸ਼ਿਤ ਕੀਤਾ ਜਾਵੇ। ਸਿਰਫ਼ ਇਸੇ ਤਰ੍ਹਾਂ ਹੀ ਇਸ ਖਤਰਨਾਕ ਕਾਨੂੰਨ ਦੀ ਹੋਂਦ ਪੱਕੇ ਤੌਰ 'ਤੇ ਖ਼ਤਮ ਹੋਵੇਗੀ ਅਤੇ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਇਆ ਜਾ ਸਕੇਗਾ। ਇਸ ਮੌਕੇ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਇਸ ਮੁੱਦੇ 'ਤੇ ਉਲੀਕੇ ਗਏ ਤਿੱਖੇ ਸੰਘਰਸ਼ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸ੍ਰ. ਬਾਦਲ ਦੀ ਅਗਵਾਈ ਵਿੱਚ ਪਾਰਟੀ ਵਰਕਰਾਂ ਅਤੇ ਪੰਜਾਬ ਦੇ ਲੋਕਾਂ ਦੇ ਦਬਾਅ ਦਾ ਹੀ ਨਤੀਜਾ ਹੈ ਕਿ ਇਸ ਹੰਕਾਰੀ 'ਆਪ' ਸਰਕਾਰ ਨੂੰ ਪਿੱਛੇ ਹਟਣ ਲਈ ਮਜਬੂਰ ਹੋਣਾ ਪਿਆ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ ਇੱਕ ਵਾਰ ਫ਼ਿਰ ਸਾਬਤ ਕਰਦੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ, ਪੰਜਾਬੀ ਅਤੇ ਕਿਸਾਨੀ ਦੇ ਹਿੱਤਾਂ ਦੀ ਅਸਲ ਰਾਖੀ ਕਰਨ ਵਾਲੀ ਇੱਕੋ-ਇੱਕ ਜਮਾਤ ਹੈ। ਸ੍ਰ. ਬ੍ਰਹਮਪੁਰਾ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਉਨ੍ਹਾਂ ਨੇ ਪੰਜਾਬ ਦੇ ਰਾਜਪਾਲ, ਮਾਣਯੋਗ ਸ਼੍ਰੀ. ਗੁਲਾਬ ਚੰਦ ਕਟਾਰੀਆ ਜੀ ਨੂੰ ਇੱਕ ਵਿਸਤ੍ਰਿਤ ਪੱਤਰ ਵੀ ਲਿਖਿਆ ਹੈ। ਉਨ੍ਹਾਂ ਕਿਹਾ, "ਅਸੀਂ ਰਾਜਪਾਲ ਜੀ ਨੂੰ ਇਸ ਮਾਮਲੇ ਵਿੱਚ ਦਖਲ ਦੇਣ ਦੀ ਅਪੀਲ ਕੀਤੀ ਹੈ ਕਿਉਂਕਿ ਇਹ ਸਿਰਫ਼ ਇੱਕ ਨੀਤੀ ਦੀ ਨਾਕਾਮੀ ਨਹੀਂ, ਬਲਕਿ ਜਨਤਕ ਖ਼ਜ਼ਾਨੇ ਦੀ ਲੁੱਟ ਅਤੇ ਪ੍ਰਸ਼ਾਸਨਿਕ ਅਣਗਹਿਲੀ ਦਾ ਗੰਭੀਰ ਮਾਮਲਾ ਹੈ। ਪੱਤਰ ਵਿੱਚ ਮੰਗ ਕੀਤੀ ਗਈ ਹੈ ਕਿ ਇਸ ਪੂਰੇ ਮਾਮਲੇ ਦੀ ਜਾਂਚ ਹਾਈ ਕੋਰਟ ਦੇ ਕਿਸੇ ਮੌਜੂਦਾ ਜੱਜ ਦੀ ਨਿਗਰਾਨੀ ਹੇਠ ਹੋਵੇ, ਇਸ਼ਤਿਹਾਰਾਂ 'ਤੇ ਖਰਚ ਹੋਏ ਕਰੋੜਾਂ ਰੁਪਇਆਂ ਦਾ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ (ਸੀ.ਏ.ਜੀ.) ਤੋਂ ਵਿਸ਼ੇਸ਼ ਆਡਿਟ ਕਰਵਾਇਆ ਜਾਵੇ ਅਤੇ ਇਸ ਗਲਤ ਅਤੇ ਕਿਸਾਨ-ਮਾਰੂ ਫੈਸਲੇ ਲਈ ਜ਼ਿੰਮੇਵਾਰ ਮੰਤਰੀਆਂ ਤੇ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕੀਤੀ ਜਾਵੇ। ਇਸ ਮੌਕੇ ਸਾਬਕਾ ਵਿਧਾਇਕ ਬ੍ਰਹਮਪੁਰਾ ਨਾਲ ਹਰਜਿੰਦਰ ਸਿੰਘ ਬਾਦਸ਼ਾਹ, ਡਾਕਟਰ ਜਤਿੰਦਰ ਸਿੰਘ ਚੋਹਲਾ ਸਾਹਿਬ, ਦਲਬੀਰ ਸਿੰਘ ਸਾਬਕਾ ਸਰਪੰਚ ਚੋਹਲਾ ਸਾਹਿਬ, ਅਮਰੀਕ ਸਿੰਘ ਸਾਬਕਾ ਸਰਪੰਚ ਚੋਹਲਾ ਸਾਹਿਬ, ਗੁਰਦੇਵ ਸਿੰਘ ਸ਼ਬਦੀ, ਦਿਲਬਰ ਸਿੰਘ ਚੋਹਲਾ ਸਾਹਿਬ, ਅਵਤਾਰ ਸਿੰਘ ਮੈਂਬਰ ਪੰਚਾਇਤ ਰੇਮੰਡ ਵਾਲੇ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਬਹਾਲ ਨਾ ਕਰਨ ਦੇ ਰੋਸ ਵਜੋਂ ਡੈਮੋਕਰੇਟਿਕ ਟੀਚਰ ਫਰੰਟ ਬਠਿੰਡਾ ਨੇ ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਨੀਲ ਗਰਗ ਦੇ ਘਰ ਅੱਗੇ ਅਰਥੀ ਫੂਕ ਕੇ ਕੀਤਾ ਰੋਸ ਪ੍ਰਦਰਸ਼ਨ

ਫਤਿਹ ਟਾਈਮਜ਼

## ਮੰਗਾਂ ਨਾ ਮੰਨੇ ਜਾਣ ਤੇ ਸੰਗਰੂਰ ਵਿਖੇ ਕੀਤਾ ਜਾਵੇਗਾ ਸੂਬਾ ਪੱਧਰੀ ਇਕੱਠ




ਗੋਨਿਆਣਾ ਮੰਡੀ, 12 ਅਗਸਤ (ਗੋਲਡੀ ਮੱਕੜ) ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਤੋਂ ਕੀਤੀ ਜਾ ਰਹੀ ਟਾਲ ਮਟੋਲ ਦੇ ਖਿਲਾਫ਼ ਡੈਮੋਕਰੇਟਿਕ ਟੀਚਰ ਫਰੰਟ ਬਠਿੰਡਾ ਨੇ ਜਿਲ੍ਹਾ ਪ੍ਰਧਾਨ ਰੇਸ਼ਮ ਸਿੰਘ ਖੇਮੋਆਣਾ ਅਤੇ ਸਕੱਤਰ ਜਸਵਿੰਦਰ ਸਿੰਘ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਨੀਲ ਗਰਗ ਦੀ ਰਿਹਾਇਸ ਅੱਗੇ ਅਰਥੀ ਫੂਕ ਕੇ ਕੀਤਾ ਰੋਸ ਭਰਪੂਰ ਮੁਜ਼ਾਹਰਾ। ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਡੈਮੋਕਰੈਟਿਕ ਟੀਚਰਜ਼ ਫਰੰਟ ਦੇ ਜਿਲ੍ਹਾ ਪ੍ਰਧਾਨ ਰੇਸ਼ਮ ਸਿੰਘ ਖੇਮੂਆਣਾ ਅਤੇ ਸਕੱਤਰ ਜਸਵਿੰਦਰ ਸਿੰਘ ਨੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਵਾਅਦਾ ਕਰਕੇ ਸੱਤਾ ਹਥਿਆਉਣ ਵਾਲੀ ਆਪ ਸਰਕਾਰ ਵੱਲੋਂ ਆਪਣੇ ਸੱਤਾ ਕਾਲ ਦੇ ਸਾਢੇ ਤਿੰਨ ਸਾਲ ਬੀਤ ਜਾਣ ਤੇ ਵੀ ਡੱਕਾ ਭੰਨ ਕੇ ਦੂਹਰਾ ਨਹੀਂ ਕੀਤਾ ਗਿਆ। ਜਨਵਰੀ 2004 ਤੋਂ ਬਾਅਦ ਭਰਤੀ ਕੀਤੇ ਗਏ ਪੰਜਾਬ ਦੇ ਲੱਗਭਗ ਸਾਢੇ ਤਿੰਨ ਲੱਖ ਮੁਲਾਜ਼ਮ ਨਵੀਂ ਪੈਨਸ਼ਨ ਸਕੀਮ ਤਹਿਤ ਨਿਗੂਣੀ ਪੈਨਸ਼ਨ ਲੈਣ ਲਈ ਮਜਬੂਰ ਹਨ। ਵੱਖ ਵੱਖ ਜੱਥੇਬੰਦੀਆਂ ਦੇ ਆਗੂ ਈ ਟੀ ਟੀ ਟੀਚਰ ਯੂਨੀਅਨ ਦੇ ਸੂਬਾ ਪ੍ਰਧਾਨ ਜਗਸੀਰ ਸਿੰਘ ਸਹੋਤਾ, ਸਕੂਲ ਲੈਕਚਰਾਰ ਯੂਨੀਅਨ ਤੋਂ ਗੁਰਪ੍ਰੀਤ ਸਿੰਘ, ਕੰਪਿਊਟਰ ਟੀਚਰ ਯੂਨੀਅਨ ਤੋਂ ਜੌਨੀ ਸਿੰਗਲਾ, ਬਲਾਇੰਡ ਪਰਸਨ ਐਸੋਸੀਏਸ਼ਨ ਦੇ ਸੂਬਾ ਸਲਾਹਕਾਰ ਸੁਖਜਿੰਦਰ ਸਿੰਘ, ਐੱਸ ਐਲ ਏ ਯੂਨੀਅਨ ਪੰਜਾਬ ਦੇ ਜਸਪ੍ਰੀਤ ਸਿੰਘ, ਨੌਜਵਾਨ ਭਾਰਤ ਸਭਾ ਤੋਂ ਬਲਕਰਨ ਸਿੰਘ,3582 ਅਧਿਆਪਕ ਜਥੇਬੰਦੀ ਤੋਂ ਸੂਬਾ ਆਗੂ ਅਨੂ ਬਾਲਾ, 5178 ਮਾਸਟਰ ਕਾਡਰ ਯੂਨੀਅਨ ਤੋਂ ਅਸ਼ਵਨੀ ਕੁਮਾਰ,ਡੈਮੋਕਰੇਟਿਕ ਟੀਚਰ ਫਰੰਟ ਬਠਿੰਡਾ ਦੇ ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ , ਮੀਤ ਪ੍ਰਧਾਨ ਵਿਕਾਸ ਗਰਗ, ਜਥੇਬੰਦਕ ਸਕੱਤਰ ਕੁਲਵਿੰਦਰ ਸਿੰਘ ਵਿਰਕ,ਵਿੱਤ ਸਕੱਤਰ ਅਨਿਲ ਭੱਟ ਅਤੇ ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ ਖੇਮੂਆਣਾ ਨੇ ਸੂਬਾ ਸਰਕਾਰ ਦੀ ਹੱਠ ਧਰਮੀ ਦੀ ਕਰੜੀ ਅਲੋਚਨਾ ਕਰਦਿਆਂ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਥਾਂ ਕੇਂਦਰ ਸਰਕਾਰ ਦੀ ਤਰਜ਼ ਤੇ ਯੂਨੀਫਾਈਡ ਪੈਨਸ਼ਨ ਸਕੀਮ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਇੱਕ ਦਿਨ ਲਈ ਵਿਧਾਇਕ ਜਾਂ ਮੰਤਰੀ ਬਣਿਆਂ ਵਿਅਕਤੀ ਪੈਨਸ਼ਨ ਲੈਣ ਦਾ ਹੱਕਦਾਰ ਹੈ ਪ੍ਰੰਤੂ ਆਪਣੀ ਜ਼ਿੰਦਗੀ ਦਾ ਸੁਨਹਿਰੀ ਸਮਾਂ ਵਿਦਿਆਰਥੀਆਂ ਦੇ ਲੇਖੇ ਲਾਉਣ ਵਾਲਾ ਅਧਿਆਪਕ ਨਿਗੂਣੀ ਜਿਹੀ ਪੈਨਸ਼ਨ ਲੈਣ ਲਈ ਮਜਬੂਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਕੰਪਿਊਟਰ ਅਧਿਆਪਕ, ਐਨ ਐਸ ਕਿਊਂ, ਐਫ਼ ਅਧਿਆਪਕ ਮੈਰੀਟੋਰੀਅਸ ਸਕੂਲਾਂ ਦੇ ਅਧਿਆਪਕਾਂ ਸਮੇਤ ਵੱਖ ਵੱਖ ਕੈਟਾਗਰੀਆਂ ਦੇ ਵਲੰਟੀਅਰ ਅਧਿਆਪਕਾਂ ਤੋਂ ਪੈਨਸ਼ਨ ਦਾ ਹੱਕ ਖੋਹ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੂੰ ਆਉਣ ਵਾਲੇ ਸਮੇਂ ਵਿੱਚ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾਂ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਸਮੁੱਚਾ ਮੁਲਾਜ਼ਮ ਵਰਗ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਮਾਰ ਝੱਲ ਰਿਹਾ ਹੈ। ਅਧਿਆਪਕ ਆਗੂਆਂ ਨੇ ਦੱਸਿਆ ਕਿ ਪੁਰਾਣੀ ਪੈਨਸ਼ਨ ਬਹਾਲੀ, ਪੇਂਡੂ ਭੱਤੇ ਸਮੇਤ ਕੱਟੇ ਹੋਏ 37 ਤਰ੍ਹਾਂ ਦੇ ਭੱਤਿਆਂ ਦੀ ਮੁੜ ਬਹਾਲੀ, ਡੀ ,ਏ, ਦੀਆਂ ਬਕਾਇਆ ਕਿਸ਼ਤਾਂ ਦੀ ਅਦਾਇਗੀ, ਜੁਲਾਈ 2017 ਤੋਂ ਬਾਅਦ ਭਰਤੀ ਕੀਤੇ ਅਧਿਆਪਕਾਂ ਨੂੰ ਸੂਬੇ ਦਾ ਤਨਖਾਹ ਸਕੇਲ ਜਾਰੀ ਕਰਵਾਉਣ ਹਿੱਤ,ਬੰਦ ਕੀਤੀ ਏ,ਸੀ,ਪੀ, ਸਕੀਮ ਮੁੜ ਲਾਗੂ ਕਰਵਾਉਣ ਲਈ ਸੂਬਾ ਕਮੇਟੀ ਵੱਲੋਂ ਪੂਰੇ ਪੰਜਾਬ ਅੰਦਰ ਵਿਧਾਇਕਾਂ ਤੇ ਮੰਤਰੀਆਂ ਦੇ ਘਰਾਂ ਅੱਗੇ ਫੂਕਣ ਦੇ ਦਿੱਤੇ ਪ੍ਰੋਗਰਾਮ ਤਹਿਤ ਬਠਿੰਡਾ ਜਿਲੇ ਅੰਦਰ ਪੰਜਾਬ ਸਰਕਾਰ ਦੇ ਮੁੱਖ ਬੁਲਾਰੇ ਨੀਲ ਗਰਗ ਦੇ ਘਰ ਅੱਗੇ ਜਾਰੀ ਕੀਤੇ ਪੈਨਸ਼ਨ ਸਬੰਧੀ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ ਅਤੇ ਮੰਗਾਂ ਨਾ ਮੰਨਣ ਤੇ ਤਿੱਖੇ ਸੰਘਰਸ਼ ਦੀ ਚਿਤਾਵਨੀ ਦਿੰਦਿਆ ਮੁੱਖ ਮੰਤਰੀ ਦੇ ਜੱਦੀ ਸ਼ਹਿਰ ਸੰਗਰੂਰ ਵਿੱਚ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਲਗਾਤਾਰ ਦ੍ਰਿੜਤਾ ਨਾਲ ਲੜਾਈ ਜਾਰੀ ਰੱਖੀ ਜਾਵੇਗੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਕਮੇਟੀ ਮੈਂਬਰ ਰਣਦੀਪ ਕੌਰ ਖਾਲਸਾ, ਬਲਜਿੰਦਰ ਕੌਰ, ਬਲਾਕ ਪ੍ਰਧਾਨ ਭੋਲਾ ਤਲਵੰਡੀ ,ਭੁਪਿੰਦਰ ਸਿੰਘ ਮਾਈਸਰਖਾਨਾ ,ਬਲਕਰਨ ਸਿੰਘ ਕੋਟ ਸ਼ਮੀਰ,ਰਾਜਵਿੰਦਰ ਸਿੰਘ ਜਲਾਲ ਅਤੇ ਅਸ਼ਵਨੀ ਡੱਬਵਾਲੀ ਵੀ ਹਾਜ਼ਰ ਸਨ।

# 6 ਗ੍ਰਾਮ ਹੈਰੋਇਨ ਅਤੇ 3570 ਰੁਪਏ ਡਰੱਗ ਮਨੀ ਸਮੇਤ ਨੌਜਵਾਨ ਕਾਬੂ

ਫਤਿਹ ਟਾਈਮਜ਼

**ਥਾਣਾ ਦਾਖਾ ਦੀ ਪੁਲਿਸ ਨੇ ਗਸ਼ਤ ਦੌਰਾਨ ਇੱਕ ਨੌਜਵਾਨ ਨੂੰ ਹੈਰੋਇਨ ਅਤੇ ਡਰੱਗ ਮਨੀ ਸਮੇਤ ਕਾਬੂ ਕਰਨ ਉਪਰੰਤ ਉਸਦੇ ਖਿਲਾਫ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ**

ਮੁੱਲਾਂਪੁਰ ਦਾਖਾ, 12 ਅਗਸਤ (ਦਵਿੰਦਰ ਸਿੰਘ ਲੰਮੇ) ਥਾਣਾ ਦਾਖਾ ਦੀ ਪੁਲਿਸ ਨੇ ਗਸ਼ਤ ਦੌਰਾਨ ਇੱਕ ਨੌਜਵਾਨ ਨੂੰ ਹੈਰੋਇਨ ਅਤੇ ਡਰੱਗ ਮਨੀ ਸਮੇਤ ਕਾਬੂ ਕਰਨ ਉਪਰੰਤ ਉਸਦੇ ਖਿਲਾਫ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਕੇਸ ਦੀ ਪੜਤਾਲ ਕਰ ਰਹੇ ਏ.ਐਸ.ਆਈ. ਗੁਰਮੀਤ ਸਿੰਘ ਅਨੁਸਾਰ ਜਦੋਂ ਆਪਣੀ ਪੁਲਿਸ ਪਾਰਟੀ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਅਤੇ ਵਹੀਕਲਾਂ ਦੀ ਸਬੰਧੀ ਪਿੰਡ ਪੁੜੈਣ ਤੋਂ ਪਿੰਡ ਆਲੀਵਾਲ-ਤਲਵੰਡੀ ਨੌਅਬਾਦ ਨੂੰ ਜਾ ਰਹੇ ਸਨ ਤਾਂ ਜਦੋਂ ਪੁਲਿਸ ਪਾਰਟੀ ਪਿੰਡ ਪੁੜੈਣ ਦੀ ਦਾਣਾ ਮੰਡੀ ਨੜੇ ਪੁੱਜੀ ਤਾਂ ਇੱਕ ਨੌਜਵਾਨ ਮੰਡੀ ਵਿੱਚ ਘੁੰਮਦਾ ਦਿਖਾਈ ਦਿੱਤਾ, ਜੋ ਪੁਲਿਸ ਪਾਰਟੀ ਦੀ ਗੱਡੀ ਦੇਖ ਕੇ ਆਪਣੇ ਹੱਥ ਵਿੱਚ ਫੜੇ ਲਿਫਾਫੇ ਨੂੰ ਸੁੱਟਕੇ ਖਿਸਕਣ ਲੱਗਾ। ਸ਼ੱਕ ਪੈਣ ’ਤੇ ਸਾਥੀ ਕਰਮਚਾਰੀਆ ਦੀ ਮੱਦਦ ਨਾਲ ਉੱਕਤ ਨੌਜਵਾਨ ਨੂੰ ਕਾਬੂ ਕਰਕੇ ਉਸ ਵੱਲੋਂ ਸੁੱਟੇ ਲਿਫਾਫੇ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ 6 ਗ੍ਰਾਮ ਹੈਰੋਇਨ ਅਤੇ 3570 ਰੁਪਏ ਡਰੱਗ ਮਨੀ ਬਰਾਮਦ ਹੋਈ। ਨਾਮ ਪਤਾ ਪੁੱਛਣ ਤੇ ਜਿਸਨੇ ਆਪਣਾ ਨਾਮ ਪਰਮਜੀਤ ਸਿੰਘ ਵਾਸੀ ਤਲਵੰਡੀ ਨੌਆਬਾਦ ਦੱਸਿਆ ।

FT
ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼ CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜ਼ਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ਮੋ; 99885-37575

# ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਤੇ 'ਚ ਰਾਸ਼ਟਰੀ ਯੁਵਾ ਦਿਵਸ ਮਨਾਇਆ

ਫਤਿਹ ਟਾਈਮਜ਼




ਚੋਹਲਾ ਸਾਹਿਬ 12 ਅਗਸਤ (ਸਨਦੀਪ ਸਿੰਘ,ਪਰਮਿੰਦਰ ਚੋਹਲਾ) ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੀ ਸਥਾਪਨਾ ਸੰਨ 1970 ਵਿੱਚ ਸੰਤ ਬਾਬਾ ਤਾਰਾ ਸਿੰਘ ਜੀ ਵੱਲੋਂ ਕੀਤੀ ਗਈ ਸੀ। ਕਾਲਜ ਦੇ ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਕਾਲਜ ਵਿੱਦਿਆ ਦਾ ਚਾਨਣ ਫੈਲਾਉਣ ਤੋਂ ਇਲਾਵਾ ਇਲਾਕੇ ਵਿੱਚ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਵੀ ਵਧੀਆ ਢੰਗ ਨਾਲ ਨਭਾ ਰਿਹਾ ਹੈ। ਇਲਾਕੇ ਦੀ ਇਸ ਸਿਰਮੌਰ ਸੰਸਥਾ ਦਾ ਉਦੇਸ਼ ਨਾ ਕੇਵਲ ਉੱਚ ਪੱਧਰ ਦੀ ਸਿੱਖਿਆ ਪ੍ਰਦਾਨ ਕਰਨਾ ਹੈ ਸਗੋਂ ਵਿਦਿਆਰਥੀਆਂ ਦੀ ਬਹੁਪੱਖੀ ਸ਼ਖ਼ਸੀਅਤ ਉਸਾਰੀ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਹੈ। ਇਸੇ ਲੜੀ ਦੇ ਤਹਿਤ ਅੱਜ ਮਿਤੀ 12 ਅਗਸਤ 2025 ਨੂੰ ਕਾਲਜ ਵਿਖੇ ਅੰਤਰਰਾਸ਼ਟਰੀ ਯੁਵਾ ਦਿਵਸ ਮਨਾਇਆ ਗਿਆ । ਇਸ ਮੌਕੇ ਕਾਲਜ ਵਿੱਚ ਵੱਖਵੱਖ ਕਲਾਸਾਂ ਚ ਪੜ੍ਹਾਈ ਕਰ ਰਹੇ ਵਿਦਿਆਰਥੀ ,ਐਨ .ਐਸ. ਐਸ ਵਲੰਟੀਅਰ ਤੇ ਐਨ .ਸੀ .ਸੀ ਕੈਡੇਟ ਸ਼ਾਮਿਲ ਹੋਏ। ਇਸ ਮੌਕੇ ਮੈਡਮ ਜੈਦੀਪ ( ਕਾਮਰਸ ਵਿਭਾਗ ) ਵਿਦਿਆਰਥੀਆਂ ਨੂੰ ਸੰਬੋਧਿਤ ਹੋਏ ।ਉਹਨਾਂ ਨੇ ਯੂਥ ਦਿਵਸ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਪਹਿਲਾ ਅੰਤਰਰਾਸ਼ਟਰੀ ਯੁਵਾ ਦਿਵਸ 12 ਅਗਸਤ 2000 ਨੂੰ ਮਨਾਇਆ ਗਿਆ ਸੀ ।ਹੁਣ ਇਹ ਦਿਵਸ ਹਰ ਸਾਲ 12 ਅਗਸਤ ਨੂੰ ਮਨਾਇਆ ਜਾਂਦਾ ਹੈ। ਯੂਥ ਦਿਵਸ ਸੰਸਾਰ ਦੀ ਬਿਹਤਰੀ ’ਚ ਨੌਜਵਾਨਾਂ ਦੇ ਯੋਗਦਾਨ ਅਤੇ ਉਹਨਾਂ ਦੀ ਅਹਿਮੀਅਤ ਨੂੰ ਸਮਰਪਿਤ ਹੈ। ਯੂਥ ਦਿਵਸ ਸੰਯੁਕਤ ਰਾਸ਼ਟਰ ਦੁਆਰਾ ਯੁਵਾ ਵਰਗ ਵਿੱਚ ਜਾਗਰੂਕਤਾ ਦਾ ਦਿਨ ਹੈ । ਇਸ ਦਿਨ ਦਾ ਉਦੇਸ਼ ਸੱਭਿਆਚਾਰਕ ਅਤੇ ਕਾਨੂੰਨੀ ਮੁੱਦਿਆਂ ਦਾ ਧਿਆਨ ਨੌਜਵਾਨਾਂ ਵੱਲ ਖਿੱਚਣਾ ਹੈ । ਇਸ ਮੌਕੇ ਸ: ਬਲਵਿੰਦਰ ਸਿੰਘ ਪ੍ਰੋਗਰਾਮ ਅਫਸਰ ਐਨ .ਐਸ. ਐਸ ਵੱਲੋਂ ਵਿਦਿਆਰਥੀਆਂ ਨੂੰ ਵਿਸ਼ੇਸ਼ ਲੈਕਚਰ ਦਿੱਤਾ ਗਿਆ। ਉਨਾਂ ਨੇ ਯੁਵਾ ਵਰਗ ਵੱਲੋਂ ਆਯੋਜਿਤ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ । ਇਸ ਪ੍ਰੋਗਰਾਮ ਵਿੱਚ ਐਨ. ਸੀ. ਸੀ ਦੇ ਇੰਚਾਰਜ ਲੈਫਟੀਨੈਂਟ ਜਸਪਾਲ ਸਿੰਘ ਵੀ ਯੁਵਾ ਵਰਗ ਨੂੰ ਸੰਬੋਧਿਤ ਹੋਏ । ਉਹਨਾਂ ਨੇ ਵੱਖਵੱਖ ਗਤੀਵਿਧੀਆਂ ਵਿੱਚ ਹਿੱਸਾ ਪਾਉਣ ਲਈ ਯੁਵਾ ਵਰਗ ਨੂੰ ਪ੍ਰੇਰਿਤ ਕੀਤਾ ।ਇਸ ਮੌਕੇ ਯੁਵਕ ਸੇਵਾਵਾਂ ਦੇ ਇੰਚਾਰਜ ਡਾ: ਕੰਵਲਪ੍ਰੀਤ ਕੌਰ,ਕਾਲਜ ਪ੍ਰਿੰਸੀਪਲ ਡਾ: ਜਸਬੀਰ ਸਿੰਘ ਗਿੱਲ ਤੇ ਸਮੂਹ ਸਟਾਫ ਸ਼ਾਮਲ ਹੋਇਆ।